Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 324 18/05/2026 www.samajweekly.com samajweekly @samajweekly samajweekly

# ਆਸਟਰੇਲੀਆ ਵਿਚ ਨਿਊ ਨਾਜ਼ੀ ਸੰਗਠਨ 'ਤੇ ਸਥਾਈ ਪਾਬੰਦੀ

## ਪੰਜਾਬੀ ਭਾਈਚਾਰੇ ਨੇ ਫ਼ੈਸਲੇ ਨੂੰ 'ਸ਼ਾਂਤੀ ਅਤੇ ਸੁਰੱਖਿਆ ਦੀ ਜਿੱਤ' ਕਰਾਰ ਦਿਤਾ

**ਮੈਲਬੌਰਨ:** ਆਸਟਰੇਲੀਆਈ ਸਰਕਾਰ ਨੇ ਮਹੱਤਵਪੂਰਨ ਅਤੇ ਸਖ਼ਤ ਕਦਮ ਚੁੱਕਦਿਆਂ ਨਿਊ ਨਾਜ਼ੀ ਵਿਚਾਰਧਾਰਾ ਨਾਲ ਜੁੜੇ ਅਤਿਵਾਦੀ ਸੰਗਠਨ 'ਤੇ ਸਥਾਈ ਪਾਬੰਦੀ ਲਗਾ ਦਿਤੀ ਹੈ। ਇਹ ਸਮੂਹ ਪਹਿਲਾਂ ਤੋਂ ਭੰਗ ਕੀਤੇ ਗਏ 'ਨੈਸ਼ਨਲਿਸਟ ਸੋਸ਼ਲਿਸਟ ਨੈੱਟਵਰਕ' ਦਾ ਹੀ ਨਵਾਂ ਰੂਪ ਹੈ, ਜਿਸ 'ਤੇ ਵੀ ਪਾਬੰਦੀ ਲਗਾ ਦਿਤੀ ਗਈ ਸੀ। ਗ੍ਰਹਿ ਮੰਤਰੀ ਟੋਨੀ ਬਰਕ ਨੇ ਨਵੇਂ ਕਾਨੂੰਨ ਦੀ ਵਰਤੋਂ ਕਰਦਿਆਂ ਇਸ ਨੂੰ ਪਾਬੰਦੀਸ਼ੁਦਾ ਨਫ਼ਰਤ ਸਮੂਹਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ।

ਸਰਕਾਰ ਦੇ ਇਸ ਫ਼ੈਸਲੇ ਨੂੰ ਖ਼ਾਸ ਤੌਰ 'ਤੇ ਆਸਟਰੇਲੀਆ ਵਿਚ ਵਸਦੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਵਲੋਂ ਵੱਡੀ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ, ਕਿਉਂਕਿ ਇਹ ਸੰਗਠਨ ਲੰਮੇ ਸਮੇਂ ਤੋਂ ਗੈਰ-ਗੋਰੇ ਪ੍ਰਵਾਸੀਆਂ ਵਿਰੁਧ ਨਫ਼ਰਤੀ ਮੁਹਿੰਮ ਚਲਾ ਰਿਹਾ ਸੀ। ਗ੍ਰਹਿ ਮੰਤਰੀ ਟੋਨੀ ਬਰਕ ਨੇ ਪਾਬੰਦੀ ਦਾ ਐਲਾਨ ਕਰਦਿਆਂ ਕਿਹਾ ਕਿ ਹੁਣ ਇਸ ਸੰਗਠਨ ਨਾਲ ਜੁੜੇ ਹੋਏ, ਇਸ ਦਾ ਪ੍ਰਚਾਰ ਕਰਨ ਵਾਲੇ ਜਾਂ ਇਸ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਅਧੀਨ 15 ਸਾਲ ਤੱਕ ਦੀ ਕੈਦ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਆਸਟਰੇਲੀਆ ਵਿਚ ਨਫ਼ਰਤ, ਨਸਲਵਾਦ ਅਤੇ ਧਮਕੀ ਦੀ ਰਾਜਨੀਤੀ ਲਈ ਕੋਈ ਥਾਂ ਨਹੀਂ ਹੈ ਅਤੇ ਸਰਕਾਰ ਹਰ ਨਾਗਰਿਕ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ।



ਆਸਟਰੇਲੀਆ ਵਿਚ ਰਹਿੰਦੇ ਪੰਜਾਬੀ ਭਾਈਚਾਰੇ ਨੇ ਇਸ ਫ਼ੈਸਲੇ ਦਾ ਖੁੱਲ੍ਹ ਕੇ ਸਵਾਗਤ ਕੀਤਾ ਹੈ। ਭਾਈਚਾਰੇ ਦੇ ਕਈ ਆਗੂਆਂ ਅਤੇ ਸਮਾਜਕ ਸੰਸਥਾਵਾਂ ਨੇ ਇਸ ਨੂੰ 'ਸਮਾਜਕ ਸਦਭਾਵਨਾ ਦੀ ਜਿੱਤ' ਦਸਦਿਆਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਇਸ ਤਰ੍ਹਾਂ ਦੇ ਅਤਿਵਾਦੀ ਸਮੂਹਾਂ ਕਾਰਨ ਪਰਵਾਸੀ ਭਾਈਚਾਰਿਆਂ ਵਿਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਬਣਿਆ ਹੋਇਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਖ਼ਾਸ ਕਰ ਕੇ ਪੰਜਾਬੀ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਨਸਲੀ ਟਿੱਪਣੀਆਂ, ਧਮਕੀਆਂ ਅਤੇ ਪ੍ਰਦਰਸ਼ਨਾਂ ਰਾਹੀਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਹੁਣ ਸਰਕਾਰ ਦੇ ਸਖ਼ਤ ਕਦਮ ਨਾਲ ਘੱਟ ਗਿਣਤੀ ਭਾਈਚਾਰਿਆਂ ਵਿਚ ਭਰੋਸਾ ਵਧੇਗਾ ਅਤੇ ਲੋਕ ਖ਼ੁਦ ਨੂੰ ਵਧੇਰੇ ਸੁਰੱਖਿਅਤ ਮਹਿਸੂਸ ਕਰਨਗੇ।

ਹਿਟਲਰ ਦੀ ਨਾਜ਼ੀ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਸੀ ਸੰਗਠਨ

ਇਹ ਸੰਗਠਨ ਪਿਛਲੇ ਕਈ ਸਾਲਾਂ ਤੋਂ ਹਿਟਲਰ ਦੀ ਨਾਜ਼ੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦਾ ਆ ਰਿਹਾ ਸੀ। ਇਸ ਦੇ ਮੈਂਬਰ ਗੈਰ-ਗੋਰੇ ਪ੍ਰਵਾਸੀਆਂ, ਖ਼ਾਸ ਤੌਰ 'ਤੇ ਏਸ਼ਿਆਈ ਅਤੇ ਭਾਰਤੀ ਮੂਲ ਦੇ ਲੋਕਾਂ ਵਿਰੁਧ ਘ੍ਰਿਣਾ ਭਰਿਆ ਪ੍ਰਚਾਰ ਕਰਦੇ ਰਹੇ ਹਨ। ਸੰਗਠਨ ਦਾ ਨੇਤਾ ਥੋਮਸ ਸੀਵੈੱਲ ਕਈ ਵਾਰ ਪ੍ਰਵਾਸੀ ਵਿਰੋਧੀ ਰੈਲੀਆਂ ਅਤੇ ਇਕੱਠਾਂ ਦਾ ਆਯੋਜਨ ਕਰ ਚੁੱਕਾ ਹੈ।

ਇਹ ਰੈਲੀਆਂ ਜ਼ਿਆਦਾਤਰ ਮੈਲਬੌਰਨ ਅਤੇ ਸਿਡਨੀ ਵਰਗੇ ਵੱਡੇ ਸ਼ਹਿਰਾਂ ਵਿਚ ਹੋਈਆਂ, ਜਿੱਥੇ ਨਸਲੀ ਨਾਹਰੇਬਾਜ਼ੀ ਅਤੇ ਡਰਾਉਣੇ ਪ੍ਰਦਰਸ਼ਨ ਕੀਤੇ ਜਾਂਦੇ ਸਨ। ਸਰਕਾਰ ਨੇ ਇਸ ਨੂੰ ਆਸਟਰੇਲੀਆ ਦੀ ਸਮਾਜਕ ਏਕਤਾ ਅਤੇ ਕਾਨੂੰਨੀ ਪ੍ਰਬੰਧ ਲਈ ਖ਼ਤਰਾ ਮੰਨਦਿਆਂ ਨਵੇਂ ਸਖ਼ਤ ਨਫ਼ਰਤ ਵਿਰੋਧੀ ਕਾਨੂੰਨਾਂ ਤਹਿਤ 'ਗੈਰ-ਕਾਨੂੰਨੀ ਅਤੇ ਨਫ਼ਰਤ ਫੈਲਾਉਣ ਵਾਲਾ ਸੰਗਠਨ' ਐਲਾਨ ਦਿਤਾ ਹੈ। ਵਿਸ਼ਲੇਸ਼ਕਾਂ ਅਨੁਸਾਰ, ਇਹ ਫ਼ੈਸਲਾ ਸਿਰਫ਼ ਇਕ ਸੰਗਠਨ 'ਤੇ ਕਾਰਵਾਈ ਨਹੀਂ, ਸਗੋਂ ਦੇਸ਼ ਵਿਚ ਵਧ ਰਹੀ ਨਫ਼ਰਤੀ ਰਾਜਨੀਤੀ ਵਿਰੁਧ ਵੱਡਾ ਤੇ ਸਪੱਸ਼ਟ ਸੰਦੇਸ਼ ਵੀ ਹੈ।

# 20,000 ਟਨ ਐਲ.ਪੀ.ਜੀ. ਲੈ ਕੇ ਜਹਾਜ਼ ਹੋਰਮੁਜ਼ ਜਲਡਮਰੂ ਪਾਰ ਕਰਨ ਤੋਂ ਬਾਅਦ ਗੁਜਰਾਤ ਪਹੁੰਚਿਆ

**ਕਾਂਡਲਾ (ਗੁਜਰਾਤ) :** ਪੱਛਮੀ ਏਸ਼ੀਆ ਸੰਕਟ ਦੇ ਵਿਚਕਾਰ ਕਤਰ ਤੋਂ 20,000 ਟਨ ਤਰਲ ਪੈਟਰੋਲੀਅਮ ਗੈਸ (ਐਲਪੀਜੀ) ਲੈ ਕੇ ਜਾਣ ਵਾਲਾ ਇੱਕ ਜਹਾਜ਼ ਹੋਰਮੁਜ਼ ਜਲਡਮਰੂ ਪਾਰ ਕਰਕੇ ਗੁਜਰਾਤ ਦੇ ਕਾਂਡਲਾ ਵਿੱਚ ਦੀਨਦਿਆਲ ਬੰਦਰਗਾਹ ਅਥਾਰਟੀ 'ਤੇ ਪਹੁੰਚ ਗਿਆ ਹੈ। ਇਸ ਸਬੰਧੀ ਸਬੰਧਤ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਮਾਰਸ਼ਲ ਆਈਲੈਂਡਜ਼-ਝੰਡੇ ਵਾਲਾ ਜਹਾਜ਼, ਐਮ.ਵੀ. ਸਿਮੀ, ਕਤਰ ਤੋਂ ਰਵਾਨਾ ਹੋਇਆ ਅਤੇ 13 ਮਈ ਨੂੰ ਹੋਰਮੁਜ਼ ਜਲਡਮਰੂ ਪਾਰ ਕਰਨ ਤੋਂ ਬਾਅਦ ਸ਼ਨੀਵਾਰ ਰਾਤ ਲਗਭਗ 11:30 ਵਜੇ ਕਾਂਡਲਾ ਬੰਦਰਗਾਹ ਪਹੁੰਚਿਆ। ਅਧਿਕਾਰੀਆਂ ਦੇ ਅਨੁਸਾਰ ਮਾਰਚ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 13 ਭਾਰਤੀ ਝੰਡੇ ਵਾਲੇ ਜਹਾਜ਼ ਹੋਰਮੁਜ਼ ਜਲਡਮਰੂ ਪਾਰ ਕਰ ਚੁੱਕੇ ਹਨ । ਇਨ੍ਹਾਂ ਵਿੱਚ 12 ਐਲ.ਪੀ.ਜੀ. ਟੈਂਕਰ ਅਤੇ ਇੱਕ ਕੱਚਾ ਤੇਲ ਜਹਾਜ਼ ਸ਼ਾਮਲ ਹੈ। ਓਮਾਨ ਦੇ ਤੱਟ 'ਤੇ ਸਥਿਤ ਹੋਰਮੁਜ਼ ਜਲਡਮਰੂ ਨੂੰ ਦੁਨੀਆ ਦੀ ਊਰਜਾ ਸਪਲਾਈ ਲਈ ਇੱਕ ਮਹੱਤਵਪੂਰਨ ਸਮੁੰਦਰੀ ਰਸਤਾ ਮੰਨਿਆ ਜਾਂਦਾ ਹੈ, ਜੋ ਕਿ ਵਿਸ਼ਵਵਿਆਪੀ ਊਰਜਾ ਸਪਲਾਈ ਦਾ ਲਗਭਗ ਪੰਜਵਾਂ ਹਿੱਸਾ ਲੈ ਕੇ ਜਾਂਦਾ ਹੈ। ਪੱਛਮੀ ਏਸ਼ੀਆ ਵਿੱਚ ਟਕਰਾਅ ਨੇ ਇਸ ਸਮੁੰਦਰੀ ਰਸਤੇ ਨੂੰ ਬੁਰੀ ਤਰ੍ਹਾਂ



ਪ੍ਰਭਾਵਿਤ ਕੀਤਾ ਹੈ। ਅਮਰੀਕਾ ਅਤੇ ਇਜ਼ਰਾਈਲ ਦੁਆਰਾ ਇਰਾਨ 'ਤੇ ਕੀਤੇ ਗਏ ਸਾਂਝੇ ਹਮਲਿਆਂ ਨੇ ਜਵਾਬੀ ਹਮਲੇ ਸ਼ੁਰੂ ਕਰ ਦਿੱਤੇ, ਜਿਸ ਨਾਲ ਹਾਲ ਹੀ ਦੇ ਦਹਾਕਿਆਂ ਵਿੱਚ ਸਭ ਤੋਂ ਭੈੜੇ ਊਰਜਾ ਸੰਕਟਾਂ ਵਿੱਚੋਂ ਇੱਕ ਪੈਦਾ ਹੋਇਆ। ਊਰਜਾ ਅਤੇ ਸਪਲਾਈ ਪ੍ਰਵਾਹ ਸੁਰੱਖਿਆ 'ਤੇ ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਿਕ ਪ੍ਰੀਸ਼ਦ (ਓਛੌਸ਼ੌਛ) ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ, ਪਰਾਵਥਨੇਨੀ ਹਰੀਸ਼ ਨੇ ਕਿਹਾ ਕਿ ਹੋਰਮੁਜ਼ ਜਲਡਮਰੂ ਵਿੱਚ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਾ, ਨਾਗਰਿਕ ਚਾਲਕ ਦਲ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣਾ ਅਤੇ ਨੇਵੀਗੇਸ਼ਨ ਦੀ ਆਜ਼ਾਦੀ ਵਿੱਚ ਵਿਘਨ ਪਾਉਣਾ ਅਸਵੀਕਾਰਨਯੋਗ ਹੈ। ਇਸ ਦੌਰਾਨ 13 ਮਈ ਨੂੰ ਓਮਾਨ ਦੇ ਤੱਟ 'ਤੇ ਇੱਕ ਭਾਰਤੀ ਝੰਡੇ ਵਾਲੇ ਵਪਾਰਕ ਜਹਾਜ਼ 'ਤੇ ਹਮਲਾ ਕੀਤਾ ਗਿਆ ਸੀ। ਓਮਾਨੀ ਅਧਿਕਾਰੀਆਂ ਨੇ ਜਹਾਜ਼ ਵਿੱਚੋਂ ਸਾਰੇ 14 ਚਾਲਕ ਦਲ ਦੇ ਮੈਂਬਰਾਂ ਨੂੰ ਬਚਾਇਆ, ਜੋ ਕਿ ਸੋਮਾਲੀਆ ਤੋਂ ਆ ਰਿਹਾ ਸੀ। ਹਮਲਾਵਰ ਦੀ ਪਛਾਣ ਤੁਰੰਤ ਪਤਾ ਨਹੀਂ ਲੱਗ ਸਕੀ।

# ਨੇਪਾਲੀ ਪਰਬਤਾਰੋਹੀ ਕਾਮੀ ਰੀਤਾ ਸ਼ੇਰਪਾ ਨੇ 32ਵੀਂ ਵਾਰ ਮਾਊਂਟ ਐਵਰੈਸਟ ਦੀ ਚੋਟੀ ਕੀਤੀ ਸਰ

**ਕਾਠਮੰਡੂ:** ਨੇਪਾਲੀ ਪਰਬਤਾਰੋਹੀ ਕਾਮੀ ਰੀਤਾ ਸ਼ੇਰਪਾ ਨੇ ਐਤਵਾਰ ਨੂੰ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਨੂੰ 32ਵੀਂ ਵਾਰ ਫਤਹਿ ਕਰਕੇ ਇਤਿਹਾਸ ਰਚ ਦਿੱਤਾ। ਸ਼ੇਰਪਾ ਨੇ ਐਵਰੈਸਟ ਦੀ ਸਭ ਤੋਂ ਸਫਲ ਚੜ੍ਹਾਈ ਦਾ ਆਪਣਾ ਹੀ ਵਿਸ਼ਵ ਰਿਕਾਰਡ ਤੋੜ ਦਿੱਤਾ। ਸੈਰ-ਸਪਾਟਾ ਵਿਭਾਗ ਦੇ ਅਨੁਸਾਰ, 56 ਸਾਲਾ ਅਨੁਭਵੀ ਪਰਬਤਾਰੋਹੀ ਐਤਵਾਰ ਸਵੇਰੇ 10:12 ਵਜੇ 8,849 ਮੀਟਰ ਉੱਚੀ ਚੋਟੀ 'ਤੇ ਪਹੁੰਚ ਗਿਆ। ਵਿਭਾਗ ਨੇ ਕਿਹਾ ਕਿ ਸ਼ੇਰਪਾ 14 ਪੀਕਸ ਐਕਸਪੀਡੀਸ਼ਨ ਦੁਆਰਾ ਚਲਾਈ ਗਈ ਇੱਕ ਮੁਹਿੰਮ ਦੀ ਅਗਵਾਈ ਕਰ ਰਿਹਾ ਸੀ। ਕਾਠਮੰਡੂ ਪੋਸਟ ਦੇ ਅਨੁਸਾਰ, ਐਵਰੈਸਟ ਬੇਸ ਕੈਂਪ ਵਿਖੇ ਸੈਰ-ਸਪਾਟਾ ਵਿਭਾਗ ਦੇ ਫੀਲਡ ਦਫਤਰ ਨੇ ਸਫਲ ਚੜ੍ਹਾਈ ਦੀ ਪੁਸ਼ਟੀ ਕੀਤੀ।ਸੈਰ-ਸਪਾਟਾ ਵਿਭਾਗ ਨੇ ਸ਼ੇਰਪਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਸਦੀ



ਪ੍ਰਾਪਤੀ ਨੇਪਾਲ ਦੇ ਪਰਬਤਾਰੋਹੀ ਖੇਤਰ ਅਤੇ ਦੇਸ਼ ਦੀ ਅੰਤਰਰਾਸ਼ਟਰੀ ਸਾਖ ਵਿੱਚ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦੀ ਹੈ। ਜਨਵਰੀ 1970 ਵਿੱਚ ਕੋਸ਼ੀ ਪ੍ਰਾਂਤ ਦੇ ਸੋਲੁਖੁੰਬੂ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਜਨਮੀ ਕਾਮੀ ਰੀਤਾ ਨੇ 1992 ਵਿੱਚ ਇੱਕ ਪੇਸ਼ੇਵਰ ਪਰਬਤਾਰੋਹੀ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ।ਸ਼ੇਰਪਾ ਨੇ ਪਹਿਲੀ ਵਾਰ 1994 ਵਿੱਚ ਮਾਊਂਟ ਐਵਰੈਸਟ ਦੀ ਚੜ੍ਹਾਈ ਕੀਤੀ। ਉਸਨੇ 27 ਮਈ, 2025 ਨੂੰ 31ਵੀਂ ਵਾਰ ਸਫਲਤਾਪੂਰਵਕ ਐਵਰੈਸਟ ਦੀ ਚੜ੍ਹਾਈ ਕੀਤੀ।ਐਤਵਾਰ ਨੂੰ, "ਪਹਾੜੀ ਰਾਣੀ" ਵਜੋਂ ਜਾਣੀ ਜਾਂਦੀ ਅਤੇ ਨੇਪਾਲ ਦੀ ਪਹਿਲੀ ਔਰਤ, ਲਕਪਾ ਸ਼ੇਰਪਾ ਨੇ 11ਵੀਂ ਵਾਰ ਸਫਲਤਾਪੂਰਵਕ ਸਿਖਰ 'ਤੇ ਚੜ੍ਹਾਈ ਕਰਕੇ ਆਪਣਾ ਹੀ ਵਿਸ਼ਵ ਰਿਕਾਰਡ ਤੋੜ ਦਿੱਤਾ।ਸੈਰ-ਸਪਾਟਾ ਵਿਭਾਗ ਨੇ ਕਿਹਾ ਕਿ ਲਕਪਾ ਐਤਵਾਰ ਸਵੇਰੇ 9:30 ਵਜੇ ਸਿਖਰ 'ਤੇ ਪਹੁੰਚੀ।

## ਮੱਧ ਪ੍ਰਦੇਸ਼ 'ਚ ਵਾਪਰਿਆ ਟ੍ਰੇਨ ਹਾਦਸਾ, ਦਿੱਲੀ ਰਾਜਧਾਨੀ ਐਕਸਪ੍ਰੈਸ ਦੇ 2 ਡੱਬਿਆਂ 'ਚ ਲੱਗੀ ਅੱਗ

**ਰਤਲਾਮ/ਕੋਟਾ:** ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਸਵੇਰੇ ਮੱਧ ਪ੍ਰਦੇਸ਼ ਦੇ ਰਤਲਾਮ ਜ਼ਿਲ੍ਹੇ ਵਿੱਚ ਤਿਰੂਵਨੰਤਪੁਰਮ-ਦਿੱਲੀ ਰਾਜਧਾਨੀ ਐਕਸਪ੍ਰੈਸ ਦੇ ਇੱਕ ਏਅਰ-ਕੰਡੀਸ਼ਨਡ (ਏ.ਸੀ.) ਕੋਚ ਵਿੱਚ ਅੱਗ ਲੱਗ ਗਈ। ਕੋਟਾ ਡਿਵੀਜ਼ਨ ਦੇ ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ ਸੌਰਭ ਜੈਨ ਨੇ ਦੱਸਿਆ ਕਿ ਤਿਰੂਵਨੰਤਪੁਰਮ-ਹਜ਼ਰਤ ਨਿਜ਼ਾਮੁਦੀਨ ਰਾਜਧਾਨੀ ਐਕਸਪ੍ਰੈਸ (12431) ਦੇ ਬੀ-1 ਕੋਚ ਵਿੱਚ ਸਵੇਰੇ 5:15 ਵਜੇ ਅੱਗ ਲੱਗ ਗਈ, ਜਿਸ ਵਿੱਚ 68 ਯਾਤਰੀ ਸਵਾਰ ਸਨ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰਤਲਾਮ ਡਿਵੀਜ਼ਨ



ਦੇ ਲੋਕ ਸੰਪਰਕ ਅਧਿਕਾਰੀ ਮੁਕੇਸ਼ ਕੁਮਾਰ ਨੇ ਕਿਹਾ ਕਿ ਇਹ ਘਟਨਾ ਰੇਲਵੇ ਦੇ ਕੋਟਾ ਡਿਵੀਜ਼ਨ ਅਧੀਨ ਵਿਕਰਮਗੜ੍ਹ ਅਲੋਟ ਅਤੇ ਲੁਨਿਰੀਚਾ ਸਟੇਸ਼ਨਾਂ ਵਿਚਕਾਰ ਵਾਪਰੀ। ਪ੍ਰਭਾਵਿਤ ਕੋਚ ਨੂੰ ਤੁਰੰਤ ਟ੍ਰੇਨ ਤੋਂ ਵੱਖ ਕਰ ਦਿੱਤਾ ਗਿਆ ਅਤੇ ਸੁਰੱਖਿਆ ਕਾਰਨਾਂ ਕਰਕੇ ਓਵਰਹੈੱਡ ਵਾਇਰ ਤੋਂ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ। ਕੁਮਾਰ ਨੇ ਕਿਹਾ ਕਿ ਅੱਗ 'ਤੇ ਕਾਬੂ ਪਾ ਲਿਆ ਗਿਆ। ਕੋਟਾ ਡਿਵੀਜ਼ਨ ਦੇ ਇੱਕ ਹੋਰ ਅਧਿਕਾਰੀ ਨੇ ਕਿਹਾ ਕਿ ਸਾਰੇ ਯਾਤਰੀਆਂ ਨੂੰ ਟ੍ਰੇਨ ਤੋਂ ਬਾਹਰ ਕੱਢ ਲਿਆ ਗਿਆ ਅਤੇ ਘਟਨਾ ਵਿੱਚ ਕੋਈ ਜ਼ਖਮੀ ਹੋਣ ਦੀ ਖ਼ਬਰ ਨਹੀਂ ਹੈ। ਅਧਿਕਾਰੀ ਨੇ ਕਿਹਾ ਕਿ ਰਾਜਸਥਾਨ ਦੇ ਕੋਟਾ ਜਾਣ ਲਈ ਯਾਤਰੀਆਂ ਨੂੰ ਦੂਜੇ ਕੋਚ ਵਿੱਚ ਬਿਠਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਅਧਿਕਾਰੀਆਂ ਦੇ ਅਨੁਸਾਰ, ਟ੍ਰੇਨ ਦੇ ਸਵੇਰੇ 11 ਵਜੇ ਦੇ ਕਰੀਬ ਕੋਟਾ ਸਟੇਸ਼ਨ ਪਹੁੰਚਣ ਦੀ ਉਮੀਦ ਹੈ, ਜਿੱਥੇ ਸਾਰੇ ਯਾਤਰੀਆਂ ਲਈ ਆਰਾਮਦਾਇਕ ਯਾਤਰਾ ਯਕੀਨੀ ਬਣਾਉਣ ਲਈ ਇੱਕ ਵਾਧੂ ਕੋਚ ਜੋੜਿਆ ਜਾਵੇਗਾ। ਰਤਲਾਮ ਡਿਵੀਜ਼ਨਲ ਰੇਲਵੇ ਮੈਨੇਜਰ ਮੌਕੇ 'ਤੇ ਪਹੁੰਚ ਗਿਆ ਹੈ, ਅਤੇ ਇੱਕ ਦੁਰਘਟਨਾ ਰਾਹਤ ਟ੍ਰੇਨ ਵੀ ਪਹੁੰਚ ਗਈ ਹੈ।

## ਗੁਰਦਾਸਪੁਰ ਪੁਲਿਸ ਨੇ ਦੁਕਾਨ ਨੇੜੇ ਹੈਂਡ ਗ੍ਰਨੇਡ ਸੁੱਟਣ ਮਾਮਲੇ ਵਿਚ 3 ਮੁਲਜ਼ਮ ਕੀਤੇ ਗ੍ਰਿਫ਼ਤਾਰ

**ਗੁਰਦਾਸਪੁਰ।** ਗੁਰਦਾਸਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ ਪੰਜਾਬ ਨਾਲ ਸਾਂਝੇ ਆਪ੍ਰੇਸ਼ਨ ਵਿੱਚ, 28 ਅਪ੍ਰੈਲ ਨੂੰ ਗੀਤਾ ਭਵਨ ਰੋਡ 'ਤੇ ਸੁੱਟੇ ਗਏ ਗ੍ਰਨੇਡ ਨਾਲ ਸਬੰਧਤ ਮਾਮਲੇ ਦਾ ਪਤਾ ਲਗਾ ਲਿਆ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਆਪਣੇ ਟਵਿੱਟਰ ਹੈਂਡਲ 'ਤੇ ਕਿਹਾ ਕਿ ਪੁਲਿਸ ਨੇ ਤਕਨੀਕੀ ਜਾਣਕਾਰੀ, ਸੀਸੀਟੀਵੀ ਫੁਟੇਜ ਅਤੇ ਮਨੁੱਖੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਜਾਂਚ ਕੀਤੀ। ਜਾਂਚ ਦੌਰਾਨ, ਇਹ ਸਪੱਸ਼ਟ ਹੋ ਗਿਆ ਕਿ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਇਲਾਕੇ ਵਿੱਚ ਇੱਕ ਦੁਕਾਨ ਦੇ ਨੇੜੇ ਹੱਥਗੋਲਾ ਸੁੱਟਣ ਵਿੱਚ ਸ਼ਾਮਲ ਸਨ। ਚੌਕਸ ਪੁਲਿਸ ਅਤੇ ਵਿਗਿਆਨਕ ਜਾਂਚਾਂ ਨੇ ਸ਼ੱਕੀਆਂ ਦੀ ਤੇਜ਼ੀ ਨਾਲ ਪਛਾਣ ਕੀਤੀ। ਪੁੱਛਗਿੱਛ ਅਤੇ ਹੋਰ ਜਾਂਚ ਦੌਰਾਨ ਇੱਕ ਮੁਲਜ਼ਮ ਦੇ ਘਰੋਂ ਇੱਕ ਹੋਰ ਹੈਂਡ ਗ੍ਰਨੇਡ ਬਰਾਮਦ ਕੀਤਾ ਗਿਆ। ਇਹ ਖੋਜ ਮਾਮਲੇ ਦੀ ਗੰਭੀਰਤਾ ਨੂੰ ਹੋਰ ਵਧਾਉਂਦੀ ਹੈ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਮੁਲਜ਼ਮ ਇੱਕ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿਚ ਸਨ ਅਤੇ ਉਸ ਦੇ



ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਵਿਦੇਸ਼ੀ ਹੈਂਡਲਰ ਦੁਆਰਾ ਉਨ੍ਹਾਂ ਨੂੰ ਦੋ ਹੈਂਡ ਗ੍ਰਨੇਡ ਪ੍ਰਦਾਨ ਕੀਤੇ ਗਏ ਸਨ, ਜਿਨ੍ਹਾਂ ਦੀ ਵਰਤੋਂ ਖੇਤਰ ਵਿੱਚ ਦਹਿਸ਼ਤ ਫੈਲਾਉਣ ਲਈ ਕੀਤੀ ਜਾਣੀ ਸੀ। ਇਸ ਗੰਭੀਰ ਮਾਮਲੇ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਅਤੇ ਵਿਸਫੋਟਕ ਪਦਾਰਥ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਪੁਲਿਸ ਸਟੇਸ਼ਨ ਸਿਟੀ, ਗੁਰਦਾਸਪੁਰ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਹੁਣ ਇਸ ਸਾਜ਼ਿਸ਼ ਵਿੱਚ ਸ਼ਾਮਲ ਸਾਰੇ ਲਿੰਕਾਂ ਦਾ ਪਰਦਾਫਾਸ਼ ਕਰਨ ਲਈ ਪੂਰੇ ਨੈੱਟਵਰਕ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਅਧਿਕਾਰੀਆਂ ਅਨੁਸਾਰ, ਜਾਂਚ ਸਿਰਫ਼ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਵਿਦੇਸ਼ੀ ਹੈਂਡਲਰਾਂ ਅਤੇ ਸਥਾਨਕ ਸਹਿਯੋਗੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਸ ਨੈੱਟਵਰਕ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਵੀ ਜਲਦੀ ਹੀ ਪਛਾਣ ਕੀਤੀ ਜਾਵੇਗੀ ਅਤੇ ਕਾਰਵਾਈ ਕੀਤੀ ਜਾਵੇਗੀ। ਜਾਂਚ ਜਾਰੀ ਹੈ, ਅਤੇ ਪੁਲਿਸ ਟੀਮ ਸਾਰੇ ਪਹਿਲੂਆਂ 'ਤੇ ਤਨਦੇਹੀ ਨਾਲ ਕੰਮ ਕਰ ਰਹੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਜ਼ੁਰਗ ਔਰਤ ਦਾ ਨਸ਼ੇੜੀਆਂ ਵਲੋਂ ਕਤਲ, ਮਾਰਨ ਤੋਂ ਬਾਅਦ ਪੇਟੀ ਵਿਚ ਬੰਦ ਕੀਤੀ ਲਾਸ਼

**ਝੁਨੀਰ ।** ਦਿਨੋ ਦਿਨ ਨਸ਼ੇ ਦੇ ਵਾਧੇ ਰੁਝਾਨ ਕਰ ਕੇ ਜਿੱਥੇ ਹਰ ਰੋਜ਼ ਲੁੱਟ ਖੋਹ ਦੀਆਂ ਵਾਰਦਾਤਾਂ ਹੁੰਦੀਆਂ ਹਨ ਹੁਣ ਉਹੀ ਲੁੱਟ ਖੋਹ ਦੀਆਂ ਵਾਰਦਾਤਾਂ ਕਤਲ ਤਕ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਹਲਕਾ ਸਰਦੂਲਗੜ੍ਹ ਦੇ ਪਿੰਡ ਜੌੜਕੀਆ ਵਿਖੇ ਪਿਛਲੇ ਚਾਰ ਦਿਨਾਂ ਤੋਂ ਲਾਪਤਾ ਬਜ਼ੁਰਗ ਔਰਤ ਦੀ ਲਗਾਤਾਰ ਭਾਲ ਕੀਤੀ ਜਾ ਰਹੀ ਸੀ ਪਰੰਤੂ ਉਸ ਬਾਰੇ ਕੁੱਝ ਪਤਾ ਨਹੀਂ ਚੱਲ ਰਿਹਾ ਸੀ। ਪਰਵਾਰਿਕ ਮੈਂਬਰਾਂ ਦੇ ਦੱਸਣ ਅਨੁਸਾਰ ਸੁਖਦੇਵ ਕੌਰ ਪਤਨੀ ਭਜਨ ਸਿੰਘ ਵਾਸੀ ਜੌੜਕੀਆਂ ਸਵੇਰੇ ਅਪਣੇ ਘਰੋਂ ਗੁਰਦੁਆਰਾ ਸਾਹਿਬ ਜੌੜਕੀਆਂ ਵਿਖੇ ਮੱਥਾ ਟੇਕਣ ਗਈ ਪ੍ਰੰਤੂ ਵਾਪਸ ਨਹੀਂ ਆਈ। ਪਰਵਾਰ ਤੇ ਪਿੰਡ ਵਾਸੀਆਂ ਨੇ ਜਦ ਉਸ ਦੀ ਭਾਲ ਸ਼ੁਰੂ ਕੀਤੀ ਤਾਂ ਕੁਝ ਕੈਮਰਿਆਂ ਤੋਂ ਮਾਤਾ ਇਕ ਰਸਤੇ ਰਾਹੀਂ ਘਰ ਵਲ ਜਾਂਦੀ ਦਿਖਾਈ ਦਿਤੀ ਪਰੰਤੂ ਘਰ ਨਹੀਂ ਪਹੁੰਚੀ। ਸ਼ੱਕ ਦੇ ਅਧਾਰ 'ਤੇ ਕੁਝ ਘਰਾਂ ਦੀ ਪੁਲਿਸ ਵਲੋਂ ਤਲਾਸ਼ੀ ਵੀ ਲਈ ਗਈ ਤੇ ਇਕ ਘਰ ਅੰਦਰ ਪਈ ਇਕ ਪੇਟੀ ਵਿਚੋਂ ਸੁਖਦੇਵ ਕੌਰ ਦੀ



ਲਾਸ਼ ਮਿਲੀ ਜੋ ਕਿ ਬੁਰੀ ਤਰ੍ਹਾਂ ਖ਼ਰਾਬ ਹੋ ਚੁੱਕੀ ਸੀ। ਮੁੱਢਲੀ ਤਫ਼ਤੀਸ਼ ਅਨੁਸਾਰ ਸੁਖਦੇਵ ਕੌਰ ਦਾ ਕਤਲ ਕੁਝ ਨੌਜਵਾਨਾਂ ਵਲੋਂ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜ਼ਾਮ ਦੇਣ ਲਈ ਕੀਤਾ ਗਿਆ ਕਿਉਂਕਿ ਉਨ੍ਹਾਂ ਦੇ ਕੰਨਾਂ ਅਤੇ ਹੱਥਾਂ ਵਿਚ ਕੁਝ ਸੋਨਾ ਪਾਇਆ ਹੋਇਆ ਸੀ ਪਰੰਤੂ ਜਦੋਂ ਲਾਸ਼ ਬਰਾਮਦ ਕੀਤੀ ਗਈ ਤਾਂ ਉਹ ਸਾਰੇ ਗਹਿਣੇ ਗ਼ਾਇਬ ਸਨ। ਪਿੰਡ ਦੇ ਹੀ ਨੌਜਵਾਨਾਂ ਵਲੋਂ ਇਸ ਤਰ੍ਹਾਂ ਪਿੰਡ ਦੀ ਹੀ ਇਕ ਬਜ਼ੁਰਗ ਔਰਤ ਨੂੰ ਅਪਣੇ ਲਾਲਚ ਲਈ ਕਤਲ ਕਰਨ ਦੇਣ ਦੀ ਘਟਨਾ ਨੇ ਪੂਰੇ ਪਿੰਡ ਨੂੰ ਝੰਝੋੜ ਕੇ ਰੱਖ ਦਿਤਾ। ਇਸ ਬਾਰੇ ਥਾਣਾ ਜੌੜਕੀਆਂ ਦੇ ਮੁਖੀ ਇੰਸਪੈਕਟਰ ਬਲਵੀਰ ਸਿੰਘ ਨੇ ਦਸਿਆ ਕਿ ਜਗਸੀਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਜੌੜਕੀਆਂ ਦੇ ਘਰ ਅੰਦਰ ਪਈ ਪੇਟੀ ਦੇ ਵਿਚੋਂ ਇਹ ਲਾਸ਼ ਬਰਾਮਦ ਹੋਈ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭਲਕੇ ਹੋਵੇਗੀ ਪੰਜਾਬ ਸਰਕਾਰ, ਪੀ.ਆਰ.ਟੀ.ਸੀ., ਪਨਬਸ ਅਤੇ ਪੰਜਾਬ ਰੋਡਵੇਜ਼ ਅਧਿਕਾਰੀਆਂ ਦੀ ਮੀਟਿੰਗ

## ਜੇ ਮੀਟਿੰਗ 'ਚ ਕੋਈ ਹੱਲ ਨਾ ਨਿਕਲਿਆ ਤਾਂ ਤੁਰੰਤ ਹੜਤਾਲ ਕੀਤੀ ਜਾਵੇਗੀ ਸ਼ੁਰੂ : ਰੇਸ਼ਮ ਸਿੰਘ ਗਿੱਲ

**ਚੰਡੀਗੜ੍ਹ** : ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਸੂਬਾ ਭਰ ਵਿੱਚ 27 ਡਿਪੂਆਂ ਵਲੋਂ ਗੇਟ ਰੈਲੀਆਂ ਕੀਤੀਆਂ ਗਈਆਂ। ਫਿਰੋਜ਼ਪੁਰ ਡਿਪੂ ਦੇ ਗੇਟ ’ਤੇ ਬੋਲਦਿਆਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ਸਰਕਾਰੀ ਬੱਸਾਂ ਪਾਉਣ ਵਿੱਚ ਚਾਰ ਸਾਲਾਂ ਤੋਂ ਫੇਲ੍ਹ ਸਰਕਾਰ ਹੁਣ ਵਿਭਾਗ ਵਿੱਚ ਕਿਲੋਮੀਟਰ ਸਕੀਮ ਪ੍ਰਾਈਵੇਟ ਮਾਲਕਾਂ ਦੀਆਂ ਬੱਸਾਂ ਪਾ ਕੇ ਨਿੱਜੀਕਰਨ ਕਰਨ ਵੱਲ ਤੁਰੀ ਹੈ, ਪਿਛਲੇ 4 ਸਾਲਾਂ ਦੌਰਾਨ 4500 ਸਰਕਾਰੀ ਬੱਸਾਂ ਕੰਡਮ ਹੋ ਚੁੱਕੀ ਹੈ ਬੱਸਾਂ ਤਾਂ ਕੀ ਪਾਉਣੀਆਂ ਸੀ ਪਹਿਲੀਆਂ ਬੱਸਾਂ ਦੇ ਟਾਇਰ ਸਪੇਅਰਪਾਰਟ ਤੱਕ ਨਹੀਂ ਆ ਰਿਹਾ ਦੂਸਰੇ ਪਾਸੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ਮੰਗਾਂ ਦਾ ਹੱਲ ਕਰਨ ਦੀ ਬਜਾਏ ਸਰਕਾਰ ਵੱਲੋਂ ਪਿਛਲੇ ਦਿਨੀ 28 ਨਵੰਬਰ 2025 ਵਿੱਚ ਕੱਚੇ ਮੁਲਾਜ਼ਮਾਂ ਉੱਪਰ 307 ਦੇ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਹੈ ਉਹਨਾਂ ਨੂੰ ਰਿਹਾਅ ਕਰਨ ਜਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਠੇਕੇਦਾਰ ਵਿਚੋਲੀਏ ਬਾਹਰ ਕੱਢਣ, ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਨ ਦੀ ਬਜਾਏ ਹੁਣ ਵਿਭਾਗ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਸਪੈਸ਼ਲ ਕਾਂਡਰ ਪਾਲਿਸੀ 2023 ਲਾਗੂ ਕਰਨ ਲਈ ਇੱਕ ਪੱਤਰ ਜਾਰੀ ਕੀਤਾ ਗਿਆ ਜਿਸ ਵਿੱਚ ਜਥੇਬੰਦੀ ਦਾ ਨਾਮ ਦਰਜ ਕਰਕੇ ਵਰਕਰਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਇਸ ਮੌਕੇ ਜਥੇਬੰਦੀ ਵੱਲੋਂ ਪੰਜਾਬ ਰੋਡਵੇਜ਼, ਪਨਬਸ ਅਤੇ ਪੀ. ਆਰ.ਟੀ. ਸੀ. ਦੇ ਸਮੂਹ ਡਿਪੂਆਂ ਅੱਗੇ ਗੇਟ ਰੈਲੀਆਂ ਕਰਕੇ ਹੈਡ ਆਫਿਸ ਵਲੋਂ ਜਾਰੀ ਕੀਤੇ ਗਏ ਸਪੈਸ਼ਲ ਕਾਡਰ ਪਾਲਸੀ 16-5-2023 ਦੇ ਪੱਤਰ ਦੀਆਂ ਕਾਪੀਆਂ ਜਿਹੜੀ ਵਿਭਾਗ ਵੱਲੋਂ ਕੱਲ ਯੂਨੀਅਨ ਦਾ ਨਾਮ ਐਂਡ ਕਰਕੇ ਕੱਢੀ ਗਈ ਦੀਆਂ ਕਾਪੀਆਂ ਸਾੜੀਆਂ ਗਈਆਂ। ਆਪਣੀਆਂ ਮੰਗਾਂ ਪ੍ਰਤੀ ਵਰਕਰਾਂ ਨੂੰ ਲਾਮਬੰਦ ਕੀਤਾ ਗਿਆ ਇਸ ਸਥਿਤੀ ਵਿੱਚ ਸੂਬਾ ਕਮੇਟੀ ਵਲੋਂ ਆਪਣੀ ਮੀਟਿੰਗ 17 ਮਈ ਨੂੰ ਲੁਧਿਆਣੇ ਵਿਖੇ ਰੱਖੀ ਗਈ ਹੈ ਅਤੇ ਟਰਾਂਸਪੋਰਟ ਵਿਭਾਗ ਦੀਆਂ ਦੂਸਰੀਆਂ ਜੱਥੇਬੰਦੀਆਂ ਨੂੰ ਵੀ ਸੱਦਾ ਦਿੱਤਾ ਗਿਆ ਹੈ ਇਸ ਮੀਟਿੰਗ ਵਿੱਚ ਅਗਲੇ ਸੰਘਰਸ਼ਾਂ ਪ੍ਰਤੀ ਰਣਨੀਤੀ ਤਿਆਰ ਕੀਤੀ ਜਾਵੇ। ਜਨਰਲ ਸਕੱਤਰ ਮੁੱਖਪਾਲ ਸਿੰਘ,ਸੀ.ਮੀਤ ਪ੍ਰਧਾਨ ਨਿਸ਼ਾਨ ਸਿੰਘ,ਰਜਿੰਦਰ ਸਿੰਘ, ਗੁਰਪ੍ਰੀਤ ਸਿੰਘ,ਗੌਰਵ,ਹਰਜੀਤ ਸਿੰਘ, ਰਮਨਦੀਪ ਸਿੰਘ ਸਹਾ, ਸੈਕਟਰੀ ਕੰਵਲਜੀਤ ਸਿੰਘ ਮਾਨੋਚਾਹਲ, ਸੁਖਦੇਵ ਸਿੰਘ ਕੈਸ਼ੀਅਰ, ਅਜੈ ਕੁਮਾਰ ਨੇ ਦੱਸਿਆ ਕਿ ਸਾਡੀ ਮੰਗਾਂ ਸਬੰਧੀ ਜਿਵੇਂ ਪਹਿਲ ਦੇ ਅਧਾਰ ’ਤੇ ਜੇਲ੍ਹ ਵਾਲੇ ਸਾਥੀਆਂ ਨੂੰ ਰਿਹਾਅ ਕਰਾਉਣ ਅਤੇ ਕੱਚੇ ਮੁਲਾਜਮਾਂ ਨੂੰ ਰੈਗੂਲਰ ਕਰਨ ਕਿਲੋਮੀਟਰ ਸਕੀਮ ਦੀ ਬੱਸਾਂ ਬੰਦ ਕਰਾਉਣ ਅਤੇ ਵਿਭਾਗ ਦੀਆਂ ਆਪਣੀਆਂ 10 ਹਜ਼ਾਰ ਬੱਸਾਂ ਕਰੋ , ਤਨਖਾਹ ਵਿੱਚ ਇਕਸਾਰਤਾ ਕਰੋ , ਬੱਸਾਂ ਦੇ ਸਪੇਅਰ ਪਾਰਟ ਨੂੰ ਪੂਰਾ ਕਰਨਾ ਅਤੇ ਹੋਰ ਮੰਗਾਂ ਸਬੰਧੀ ਜੋ 15 ਮਈ ਦੀ ਜਥੇਬੰਦੀ ਨਾਲ਼ ਮੀਟਿੰਗ ਹੋਣੀ ਸੀ ਹੁਣ ਇਹ ਮੀਟਿੰਗ ਟਰਾਂਸਪੋਰਟ ਮੰਤਰੀ ਵੱਲੋਂ 18 ਤਰੀਕ ਨੂੰ ਕਰਨ ਲਈ ਸਮਾਂ ਮੰਗਿਆ ਗਿਆ ਹੈ ਕਿਉਂਕਿ ਮੰਗਾਂ ਦਾ ਹੱਲ ਕੱਢ ਕੇ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਜੇਕਰ 18 ਮਈ ਨੂੰ ਮੀਟਿੰਗ ਕਰਕੇ ਕੋਈ ਠੋਸ ਹੱਲ ਨਹੀਂ ਕੱਢਿਆ ਜਾਂਦਾ ਤਾਂ ਤਰੁੰਤ ਹੜਤਾਲ ਸ਼ੁਰੂ ਕੀਤੀ ਜਾਵੇਗੀ ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਟਰਾਂਸਪੋਰਟ ਵਿਭਾਗ ਪੰਜਾਬ ਦੀ ਹੋਵੇਗੀ ।

# ਯੂਕਰੇਨ ਵੱਲੋਂ ਰੂਸ ’ਤੇ ਵੱਡਾ ਹਮਲਾ, 500 ਤੋਂ ਵੱਧ ਡਰੋਨਾਂ ਨਾਲ ਕੀਤਾ ਹਮਲਾ



**ਮਾਸਕੋ:** ਯੂਕਰੇਨ ਨੇ ਰੂਸ 'ਤੇ ਹੁਣ ਤੱਕ ਦੇ ਸਭ ਤੋਂ ਵੱਡੇ ਡਰੋਨ ਹਮਲੇ ਨੂੰ ਅੰਜਾਮ ਦਿੱਤਾ ਹੈ। ਰਾਤ ਭਰ ਚੱਲੇ ਇਨ੍ਹਾਂ ਹਮਲਿਆਂ ਵਿੱਚ ਮਾਸਕੋ ਸਮੇਤ ਰੂਸ ਦੇ ਕਈ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਰੂਸੀ ਅਧਿਕਾਰੀਆਂ ਮੁਤਾਬਕ ਇਸ ਹਮਲੇ ਵਿੱਚ 500 ਤੋਂ ਵੱਧ ਡਰੋਨਾਂ ਦੀ ਵਰਤੋਂ ਕੀਤੀ ਗਈ ਸੀ। ਅਧਿਕਾਰੀਆਂ ਨੇ ਇਸ ਹਮਲੇ ਨੂੰ ਰੂਸੀ ਰਾਜਧਾਨੀ ਖੇਤਰ 'ਤੇ ਇੱਕ ਸਾਲ ਤੋਂ ਵੱਧ ਸਮੇਂ ਵਿੱਚ ਹੋਇਆ ਸਭ ਤੋਂ ਵੱਡਾ ਹਮਲਾ ਦੱਸਿਆ ਹੈ। ਇਸ ਹਮਲੇ ਵਿੱਚ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਇਸ ਦੇ ਨਾਲ ਹੀ ਵੱਖ-ਵੱਖ ਇਲਾਕਿਆਂ ਵਿੱਚ ਰਿਹਾਇਸ਼ੀ ਇਮਾਰਤਾਂ ਅਤੇ ਬੁਨਿਆਦੀ ਢਾਂਚੇ ਨੂੰ ਵੀ ਨੁਕਸਾਨ ਪਹੁੰਚਿਆ ਹੈ। ਸਥਾਨਕ ਅਧਿਕਾਰੀਆਂ ਅਨੁਸਾਰ, ਇਨ੍ਹਾਂ ਹਮਲਿਆਂ ਵਿੱਚ ਘੱਟੋ-ਘੱਟ ਚਾਰ ਲੋਕਾਂ ਦੀ ਜਾਨ ਚਲੀ ਗਈ। ਇਨ੍ਹਾਂ ਵਿੱਚੋਂ ਤਿੰਨ ਲੋਕਾਂ ਦੀ ਮੌਤ ਮਾਸਕੋ ਖੇਤਰ ਵਿੱਚ ਅਤੇ ਇੱਕ ਵਿਅਕਤੀ ਦੀ ਮੌਤ ਯੂਕਰੇਨ ਦੀ ਸਰਹੱਦ ਨੇੜੇ ਸਥਿਤ ਬੇਲਗੋਰੋਦ ਖੇਤਰ ਵਿੱਚ ਹੋਈ।

### ਰੂਸ ਨੇ 556 ਡਰੋਨਾਂ ਨੂੰ ਕੀਤਾ ਤਬਾਹ

ਰੂਸ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਰਾਤ ਭਰ ਚੱਲੇ ਇਸ ਹਮਲੇ ਦੌਰਾਨ ਉਸ ਦੇ ਹਵਾਈ ਸੁਰੱਖਿਆ ਪ੍ਰਣਾਲੀ ਨੇ ਇੱਕ ਦਰਜਨ ਤੋਂ ਵੱਧ ਇਲਾਕਿਆਂ ਵਿੱਚ ਯੂਕਰੇਨ ਦੇ 556 ਡਰੋਨਾਂ ਨੂੰ ਰੋਕ ਕੇ ਨਸ਼ਟ ਕਰ ਦਿੱਤਾ। ਇਸ ਦੌਰਾਨ ਮਾਸਕੋ ਅਤੇ ਪੱਛਮੀ ਰੂਸ ਦੇ ਆਸ-ਪਾਸ ਧਮਾਕਿਆਂ ਅਤੇ ਐਮਰਜੈਂਸੀ ਬਚਾਅ ਕਾਰਜਾਂ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਹਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਅਧਿਆਪਕ ਦਲ ਪੰਜਾਬ ਦੀ ਸਰਬਸੰਮਤੀ ਨਾਲ ਹੋਈ ਚੋਣ

- ਸਤਨਾਮ ਸਿੰਘ ਰੰਧਾਵਾ ਪੰਜਾਬ ਪ੍ਰਧਾਨ ਅਤੇ ਰਵਿੰਦਰਜੀਤ ਸਿੰਘ ਪੰਨੂ ਸਕੱਤਰ ਜਨਰਲ ਚੁਣੇ ਗਏ
- ਹਰਦੇਵ ਸਿੰਘ ਜਵੰਧਾ ਸਰਪ੍ਰਸਤ, ਬਾਜ ਸਿੰਘ ਖਹਿਰਾ ਕਨਵੀਨਰ, ਜਸਵਿੰਦਰ ਸਿੰਘ ਔਲਖ ਕਨਵੀਨਰ ਨਿਯੁਕਤ
- ਭੁਪਿੰਦਰ ਸਿੰਘ ਨਾਗਰਾ ਚੰਡੀਗੜ੍ਹ ਦੇ ਕਨਵੀਨਰ ਨਿਯੁਕਤ

**ਕਪੂਰਥਲਾ, 17 ਮਈ ( ਵਿਸੇਸ ਪ੍ਰਤੀਨਿਧੀ)–** ਅਧਿਆਪਕ ਦਲ ਪੰਜਾਬ ਦੀ ਸਟੇਟ ਪੱਧਰੀ ਚੋਣ ਹੋਈ। ਜਿਸ ਦੌਰਾਨ ਸੂਬਾ ਭਰ ਚੋ ਤਿੰਨ ਸੌ ਦੇ ਕਰੀਬ ਡੈਲੀਗੇਟਾਂ ਨੇ ਭਾਗ ਲਿਆ। ਇਸ ਮੌਕੇ ਅਧਿਆਪਕ ਦਲ ਦੇ ਸਰਪ੍ਰਸਤ ਹਰਦੇਵ ਸਿੰਘ ਜਵੰਧਾ, ਸੂਬਾ ਕਨਵੀਨਰ ਬਾਜ ਸਿੰਘ ਖਹਿਰਾ ਅਤੇ ਸੂਬਾ ਕਨਵੀਨਰ ਜਸਵਿੰਦਰ ਸਿੰਘ ਔਲਖ ਨੇ ਅਧਿਆਪਕ ਦਲ ਦੇ ਇਤਿਹਾਸ ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਅਧਿਆਪਕ ਦਲ ਪੰਜਾਬ ਦਾ ਮੁੱਖ ਮਕਸਦ ਹਮੇਸ਼ਾਂ ਸਰਬੱਤ ਦਾ ਭਲਾ ਰਿਹਾ ਹੈ ਅਤੇ ਸਮੇਂ ਸਮੇਂ ਤੇ ਅਧਿਆਪਕ ਦਲ ਵਲੋਂ ਅਧਿਆਪਕ ਵਰਗ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਲਈ ਲਗਾਤਾਰ ਸੰਘਰਸ਼ ਕੀਤਾ ਗਿਆ ਹੈ। ਇਸ ਮੌਕੇ ਹਾਜ਼ਰ ਡੈਲੀਗੇਟਾਂ ਵੱਲੋਂ ਸਰਬਸੰਮਤੀ ਨਾਲ ਸਤਨਾਮ ਸਿੰਘ ਰੰਧਾਵਾ ਨੂੰ ਪੰਜਾਬ ਪ੍ਰਧਾਨ ਅਤੇ ਰਵਿੰਦਰਜੀਤ ਸਿੰਘ ਪੰਨੂ ਨੂੰ ਸਕੱਤਰ ਜਨਰਲ ਚੁਣਿਆ ਗਿਆ। ਇਸ ਮੌਕੇ ਭੁਪਿੰਦਰ ਸਿੰਘ ਨਾਗਰਾ ਨੂੰ ਚੰਡੀਗੜ੍ਹ ਇਕਾਈ ਦਾ ਕਨਵੀਨਰ ਚੁਣਿਆ ਗਿਆ ਅਤੇ ਗੁਰਸਿਮਰਤ ਸਿੰਘ ਜਖੇਪਲ ਨੂੰ ਇੰਚਾਰਜ ਚੁਣਿਆ ਗਿਆ। ਹਾਜ਼ਰ ਡੈਲੀਗੇਟਾਂ ਵੱਲੋਂ ਇਸ ਮੌਕੇ ਅਧਿਆਪਕ ਦਲ ਦੇ



ਸੀਨੀਅਰ ਆਗੂਆਂ ਵਲੋਂ ਪਿਛਲੇ ਸਮੇਂ ਦੌਰਾਨ ਅਧਿਆਪਕ ਦਲ ਨੂੰ ਮਜ਼ਬੂਤ ਕਰਨ ਲਈ ਕੀਤੀ ਗਈ ਮਿਹਨਤ ਦੇ ਮੱਦੇਨਜਰ ਹਰਦੇਵ ਸਿੰਘ ਜਵੰਧਾ ਨੂੰ ਦੁਬਾਰਾ ਸੂਬਾ ਸਰਪ੍ਰਸਤ, ਬਾਜ ਸਿੰਘ ਖਹਿਰਾ ਨੂੰ ਸੂਬਾ ਕਨਵੀਨਰ ਅਤੇ ਜਸਵਿੰਦਰ ਸਿੰਘ ਔਲਖ ਨੂੰ ਸੂਬਾ ਕਨਵੀਨਰ ਚੁਣਿਆ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਵਰਿੰਦਰ ਸਿੰਘ ਕੰਬੋਜ ਵਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਸੁਖਦਿਆਲ ਸਿੰਘ ਝੰਡ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਸੁਖਦੇਵ ਸਿੰਘ ਦਕੋਹਾ, ਦਿਲਬਾਗ ਸਿੰਘ ਪੱਡਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਆਤਮਜੀਤ ਸਿੰਘਵਿਲੋ,ਤਰਪਿੰਦਰ ਸਿੰਘ ਭੱਟੀਵਾਲ,ਅਮਰਜੀਤ ਸਿੰਘ ਖਾਲਸਾ,ਜਸਪਾਲ ਸਿੰਘ ਢੀਡਸਾਂ ,ਮਨਜੀਤ ਸਿੰਘ ਟਿਵਾਣਾ , ਕੁਲਦੀਪ ਸਿੰਘ ਜਲੰਧਰ, ਅਮਰਜੀਤ ਸਿੰਘ ਖਾਲਸਾ, ਸੁਖਦੇਵ ਸਿੰਘ ਠੀਕਰੀਵਾਲ,ਲੈਕਚਰਾਰ ਰਜੇਸ਼ ਜੋਲੀ, ਭਜਨ ਸਿੰਘ ਮਾਨ, ਰਮੇਸ਼ ਕੁਮਾਰ ਭੇਟ, ਮਨਜਿੰਦਰ ਸਿੰਘ ਪੰਜੂ, ਸੁਖਜਿੰਦਰ ਸਿੰਘ ਢੋਲਣ, ਵੱਸਣਦੀਪ ਸਿੰਘ ਜੱਜ, ਕਮਲਜੀਤ ਸਿੰਘ ਮੇਜਰਵਾਲ, ਗੁਰਮੀਤ ਸਿੰਘ ਖਾਲਸਾ,ਟੋਨੀ ਕੌੜਾ, ਪ੍ਰਦੀਪ ਵਰਮਾ, ਰੋਸ਼ਨ ਲਾਲ ਸੈਫਲਾਬਾਦ, ਅਮਰਜੀਤ ਕਾਲਾਸੰਘਿਆ, ਮਨੂੰ ਕੁਮਾਰ ਪਰਾਸ਼ਰ ਰਾਜਨਜੋਤ ਸਿੰਘ ਖਹਿਰਾ, ਅਜੈ ਕੁਮਾਰ ਸਿੰਗਲਾ, ਸੁਰਿੰਦਰ ਕੁਮਾਰ ਭਵਾਨੀਪੁਰ, ਰਕੇਸ਼ ਕੁਮਾਰ ਸਾਨਿਆਲ , ਜਗਜੀਤ ਸਿੰਘ ਮਿਰਜਾਪੁਰ, , ਸ਼ੁੱਭ ਦਰਸ਼ਨ ਨਰਾਇਣ ਆਨੰਦ, ਡਾਕਟਰ ਧਿਆਨ ਸਿੰਘ, ਮਨੋਜ ਕੁਮਾਰ ਟਿੱਬਾ, ਕੁਲਦੀਪ ਸਿੰਘ ਭੈਣੀ ,ਦਲਵਿੰਦਰ ਕੁਮਾਰ ਚਿੱਕਾ ,ਅਮਰਜੀਤ ਸਿੰਘ ਖੋਸਾ ,ਰਣਜੀਤ ਸਿੰਘ ਬਰਾੜ ,ਗੁਰਬਚਨ ਸਿੰਘ ਮੋਹਾਲੀ,ਕੁਲਦੀਪ ਸਿੰਘ ,ਲਖਵੀਰ ਸਿੰਘ ,ਨਪਿੰਦਰ ਸਿੰਘ ਖਹਿਰਾ ,ਸਤਨਾਮ ਸਿੰਘ ਸੱਤਾ ,ਰਵਿੰਦਰ ਸਿੰਘ ਦੁਗਰੀ , ਪੰਕਜ ਬੇਦੀ, ਗੁਰਿੰਦਰ ਪਾਲ, ਪ੍ਰਵੀਨ ਕੁਮਾਰ, ਜਗਮੋਹਨ ਪਾਲ,ਮੱਖਣ ਸਿੰਘ ਲੁਧਿਆਣਾ ,ਭੁਪਿੰਦਰ ਸਿੰਘ ਚਾਹਲ , ਬਲਜੀਤ ਸਿੰਘ ,ਸੰਜੀਵ ਸ਼ਰਮਾ, ਰੁਪਿੰਦਰ ਸਿੰਘ ,ਜਸਵਿੰਦਰ ਖੇੜਾ ,ਸੁਰਿੰਦਰ ਵਿਸ਼ਿਸ਼ਟ, ਰਜੇਸ਼ ਅੱਤਰੀ ,ਹਰਪ੍ਰੀਤ ਸਿੰਘ ,ਅਰਜਨਜੀਤ ਸਿੰਘ ,ਦੇਸਰਾਜ ,ਸੁਮਿਤ ਗੁਪਤਾ, ਕੁਲਦੀਪ ਸਿੰਘ ਬਾਜਵਾ ,ਮਨਜੀਤ ਕੌਰ, ਰਵਨੀਤ ਕੌਰ ,ਗੁਰਪ੍ਰੀਤ ਕੌਰ,ਕੁਲਜੀਤ ਕੌਰ, ਕਿਰਨਦੀਪ ਕੌਰ ,ਸ਼ਰੁਤੀ ਦੁੱਗਲ ,ਕਮਲਜੀਤ ਕੌਰ, ਹਰਿੰਦਰ ਕੌਰ ,ਅੰਮ੍ਰਿਤ ਪਾਲ ਕੌਰ ,ਮਨਜੀਤ ਕੌਰ, ਰੇਨੂ ਅਨੰਦ ,ਤਲਵਿੰਦਰ ਸੈਣੀ ,ਦੀਪਕ ,ਮਨੋਹਰ ਸਿੰਘ ,ਗੁਰਦਿਆਲ ਸਿੰਘ ,ਅਮਰੀਕ ਸਿੰਘ ,ਹਰਭਜਨ ਸਿੰਘ ,ਤਰਸੇਮ ਸਿੰਘ ਸੈਣੀ ,ਹਰ ਕਮਲ ਸਿੰਘ ,ਕਰਮਜੀਤ ਸਿੰਘ ਲਾਡੀ, ਰਾਮ ਗੋਪਾਲ ,ਸੁਰਿੰਦਰ ਵਿਸ਼ਿਸ਼ਟ ,ਸੁਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਇਸਤਰੀ ਵਿੰਗ ਜ਼ਿਲਾ ਅੰਮ੍ਰਿਤਸਰ ਵਿਖੇ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਹਰ ਪੱਖੋਂ ਰਹੇਗਾ ਕਾਰਜਸ਼ੀਲ: ਬੀਬੀ ਰਸ਼ਪਿੰਦਰ ਕੌਰ ਗਿੱਲ

**ਅੰਮ੍ਰਿਤਸਰ।** ਅੱਜ ਇੱਥੇ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਇਸਤਰੀ ਵਿੰਗ ਪੰਜਾਬ ਦੀ ਜਨਰਲ ਸਕੱਤਰ ਬੀਬੀ ਰਸ਼ਪਿੰਦਰ ਕੌਰ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਔਰਤਾਂ ਦੇ ਅਧਿਕਾਰ ਭਾਰਤੀ ਸੰਵਿਧਾਨ ਵਿੱਚ ਡੂੰਘੀ ਤਰ੍ਹਾਂ ਸੁਰੱਖਿਅਤ ਹਨ, ਜੋ ਉਨ੍ਹਾਂ ਨੂੰ ਬਰਾਬਰੀ, ਵਿਤਕਰੇ ਵਿਰੁੱਧ ਸੁਰੱਖਿਆ ਅਤੇ ਸਸ਼ਕਤੀਕਰਨ ਦੀ ਪੂਰਨ ਗਰੰਟੀ ਦਿੰਦੇ ਹਨ। ਬੀਬੀ ਗਿੱਲ ਨੇ ਸੰਵਿਧਾਨਕ ਧਾਰਾਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸੰਵਿਧਾਨ ਦੀ ਧਾਰਾ 14 ਕਾਨੂੰਨ ਦੇ ਸਾਹਮਣੇ ਬਰਾਬਰੀ ਅਤੇ ਧਾਰਾ 15 ਲਿੰਗ ਦੇ ਆਧਾਰ 'ਤੇ ਹੋਣ ਵਾਲੇ ਹਰ ਤਰ੍ਹਾਂ ਦੇ ਵਿਤਕਰੇ ਦੀ ਮਨਾਹੀ ਕਰਦੀ ਹੈ। ਇਹ ਧਾਰਾਵਾਂ ਰਾਜ ਨੂੰ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਵਿਸ਼ੇਸ਼ ਕਦਮ ਚੁੱਕਣ ਦੀ ਸ਼ਕਤੀ ਦਿੰਦੀਆਂ ਹਨ, ਤਾਂ ਜੋ ਇਤਿਹਾਸਕ ਅਸਮਾਨਤਾਵਾਂ ਨੂੰ ਦੂਰ ਕਰਕੇ ਸੁਧਾਰਾਤਮਕ ਉਪਾਅ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਅਨੁਛੇਦ 16, 21 ਅਤੇ 39 ਵੀ ਲਿੰਗ ਨਿਆਂ ਅਤੇ ਬਰਾਬਰੀ ਨੂੰ ਯਕੀਨੀ ਬਣਾਉਣ ਵਿੱਚ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ



ਇਨ੍ਹਾਂ ਸੰਵਿਧਾਨਕ ਅਧਿਕਾਰਾਂ ਸਦਕਾ ਹੀ ਔਰਤਾਂ ਦੇ ਕਾਨੂੰਨੀ ਸਸ਼ਕਤੀਕਰਨ ਲਈ ਰਾਹ ਪੱਧਰਾ ਹੋਇਆ ਹੈ। ਇਸ ਦੇ ਨਤੀਜੇ ਵਜੋਂ 'ਜਿਨਸੀ ਉਤਪੀੜਨ ਰੋਕੂ ਐਕਟ' ਅਤੇ 'ਘਰੇਲੂ ਹਿੰਸਾ ਐਕਟ' ਵਰਗੇ ਸੁਰੱਖਿਆ ਕਾਨੂੰਨ ਹੋਂਦ ਵਿੱਚ ਆਏ ਹਨ। ਇਸ ਤੋਂ ਇਲਾਵਾ, ਭੇਦਭਾਵ ਵਿਰੋਧੀ ਨਿਯਮਾਂ ਕਾਰਨ ਅੱਜ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਵਧੀ ਹੈ ਅਤੇ ਸਥਾਨਕ ਚੋਣਾਂ ਵਿੱਚ ਰਾਖਵੇਂਕਰਨ ਰਾਹੀਂ ਉਨ੍ਹਾਂ ਦੀ ਰਾਜਨੀਤਿਕ ਪ੍ਰਤੀਨਿਧਤਾ ਮਜ਼ਬੂਤ ਹੋਈ ਹੈ। ਔਰਤਾਂ ਦੀ ਸਿਹਤ, ਸਿੱਖਿਆ ਅਤੇ ਆਰਥਿਕ ਸੁਤੰਤਰਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਕਈ ਸਰਕਾਰੀ ਸਕੀਮਾਂ ਵੀ ਇਸੇ ਸੋਚ ਦਾ ਨਤੀਜਾ ਹਨ। ਬੀਬੀ ਜੀ ਨੇ ਦ੍ਰਿੜਤਾ ਨਾਲ ਕਿਹਾ ਕਿ ਸਾਡਾ ਇਸਤਰੀ ਵਿੰਗ ਹਮੇਸ਼ਾਂ ਔਰਤਾਂ ਦੇ ਹੱਕਾਂ ਦੀ ਰਾਖੀ ਲਈ ਮੋਹਰੀ ਹੋ ਕੇ ਕਾਰਜਸ਼ੀਲ ਰਹੇਗਾ। ਇਸ ਅਹਿਮ ਵਿਚਾਰ-ਚਰਚਾ ਵਿੱਚ ਇਸਤਰੀ ਵਿੰਗ ਪੰਜਾਬ ਦੀ ਜਨਰਲ ਸਕੱਤਰ ਬੀਬੀ ਰਸ਼ਪਿੰਦਰ ਕੌਰ ਗਿੱਲ ਤੋਂ ਇਲਾਵਾ, ਮਨਦੀਪ ਕੌਰ ਰੰਧਾਵਾ (ਦਿਹਾਤੀ ਪ੍ਰਧਾਨ, ਜ਼ਿਲਾ ਅੰਮ੍ਰਿਤਸਰ), ਸੁਖਮਨਦੀਪ ਕੌਰ (ਯੂਥ ਪ੍ਰਧਾਨ, ਜ਼ਿਲਾ ਅੰਮ੍ਰਿਤਸਰ), ਬੀਬੀ ਸੁਖਵੰਤ ਕੌਰ, ਬੀਬੀ ਚਰਨਜੀਤ ਕੌਰ ਅਤੇ ਸੁਖਅੰਮ੍ਰਿਤ ਕੌਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਬੀਬੀ ਰਸ਼ਪਿੰਦਰ ਕੌਰ ਗਿੱਲ ਨੇ ਬੀਬੀ ਸੁਖਵੰਤ ਕੌਰ ਅਤੇ ਬੀਬੀ ਚਰਨਜੀਤ ਕੌਰ ਨੂੰ ਪਾਰਟੀ ਦੀ ਮੈਗਜ਼ੀਨ 'ਬਾਗੀ' ਵੀ ਭੇਟ ਕੀਤੀ। ਮੀਟਿੰਗ ਦੌਰਾਨ ਸਾਰੀਆਂ ਆਗੂਆਂ ਨੇ ਸਾਂਝੇ ਤੌਰ 'ਤੇ ਪ੍ਰਣ ਲਿਆ ਕਿ ਉਹ ਜ਼ਿਲਾ ਅੰਮ੍ਰਿਤਸਰ ਦੇ ਇਸਤਰੀ ਵਿੰਗ ਨੂੰ ਜਥੇਬੰਦਕ ਤੌਰ 'ਤੇ ਹੋਰ ਉੱਚ ਪੱਧਰ 'ਤੇ ਸੰਗਠਿਤ ਕਰਨਗੀਆਂ।

# ਉਮੀਦਵਾਰ ਸ੍ਰੀਮਤੀ ਚਰਨਜੀਤ ਕੌਰ ਨੇ ਵਿਧਾਇਕ ਚੌਧਰੀ ਵਿਕਰਮਜੀਤ ਦੀ ਹਾਜ਼ਰੀ 'ਚ ਕਾਂਗਰਸ ਵਲੋਂ ਨਗਰ ਕੌਂਸਲ ਫਿਲੌਰ ਵਾਰਡ ਨੰਬਰ 1 ਤੋਂ ਨਾਮਜ਼ਦਗੀ ਪੱਤਰ ਦਾਖਲ ਕੀਤਾ

## ਘਰ ਘਰ ਭਰਵੀਆਂ ਮੀਟਿੰਗਾਂ ਦਾ ਦੌਰ ਸ਼ੁਰੂ

**ਫਿਲੌਰ/ਅੱਪਰਾ, 17 ਮਈ (ਦੀਪਾ)–**ਨਗਰ ਕੌਂਸਲ ਫਿਲੌਰ ਦੇ ਵਾਰਡ ਨੰਬਰ 1 ਤੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਉਮੀਦਵਾਰ ਵਜ਼ੋਂ ਸ੍ਰੀਮਤੀ ਚਰਨਜੀਤ ਕੌਰ ਪਤਨੀ ਪਹਿਲਵਾਨ ਅਮੀਰ ਚੰਦ ਨੇ ਹਲਕਾ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਦੀ ਅਗਵਾਈ ਹੇਠ ਰਿਟਰਨਿੰਗ ਅਫਸਰ ਕਮ ਐੱਸ ਡੀ. ਐੱਮ ਫਿਲੌਰ ਅੱਗੇ ਨਾਮਜ਼ਦਗੀ ਪੱਤਰ ਦਾਖਲ ਕੀਤੇ । ਇਸ ਮੌਕੇ ਚੌਧਰੀ ਵਿਕਰਮਜੀਤ ਨੇ ਕਿਹਾ ਕਿ ਦੇਸ਼ ਦੇ ਅੰਦਰ ਪੈਦਾ ਹੋਈ ਮਹਿੰਗਾਈ ਤੇ ਬੇਰੁਜ਼ਗਾਰੀ ਲਈ ਸੱਤਾਧਾਰੀ



ਪਾਰਟੀ ਜਿੰਮੇਵਾਰ ਹੈ । ਉਨਾਂ ਕਿਹਾ ਕਿ ਬੀਬੀ ਚਰਨਜੀਤ ਕੌਰ ਭਾਰੀ ਵੋਟਾਂ ਦੇ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ । ਇਸ ਮੌਕੇ ਬੋਲਦਿਆਂ ਸ੍ਰੀਮਤੀ ਚਰਨਜੀਤ ਕੌਰ ਨੇ ਕਿਹਾ ਕਿ ਆਮ ਲੋਕ ਦੂਸਰੀਆਂ ਪਾਰਟੀਆਂ ਦੀਆਂ ਲੋਕ ਮਾਰੂ ਤੇ ਰਜਵਾੜਸ਼ਾਹੀ ਨੀਤੀਆਂ ਤੋਂ ਤੰਗ ਹੋ ਚੁੱਕੇ ਹਨ ਤੇ ਕਾਂਗਰਸ ਪਾਰਟੀ ਦੇ ਹੱਥਾਂ 'ਚ ਦੇਸ਼ ਦੀ ਸੱਤਾ ਦੇਖਣਾ ਚਾਹੁੰਦੇ ਹਨ । ਜਿਸ ਦੀ ਸ਼ੁਰੂਆਤ ਪੰਚਾਇਤਾਂ ਤੇ ਨਗਰ ਕੌਂਸਲਾਂ ਤੋਂ ਕਰਨਾ ਚਾਹੁੰਦੇ ਹਨ । ਉਨਾਂ ਦੇ ਹੱਕ 'ਚ ਘਰ ਘਰ ਭਰਵੀਆਂ ਨੁੱਕੜ ਮੀਟਿੰਗਾਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ । ਸ੍ਰੀਮਤੀ ਚਰਨਜੀਤ ਕੌਰ ਦਾ ਸਾਰਾ ਪਰਿਵਾਰ ਹੀ ਸਮਾਜ ਸੇਵਾ ਨਾਲ ਜੁੜਿਆ ਹੋਇਆ ਹੈ । ਇੱਥੇ ਇਹ ਗੌਰਰਨਯੋਗ ਹੈ ਕਿ ਸ੍ਰੀਮਤੀ ਚਰਨਜੀਤ ਕੌਰ ਦੇ ਪਤੀ ਜਿੱਥੇ ਇੱਕ ਉੱਘੇ ਪਹਿਲਵਾਨ ਹਨ, ਉੱਥੇ ਹੀ ਉਨਾਂ ਦੇ ਜੇਠ ਪੰਜਾਬ ਪੁਲਿਸ 'ਚ ਐੱਸ ਐੱਚ ਓ ਤਾਇਨਾਤ ਹਨ ਤੇ ਉਨਾਂ ਦੇ ਦਿਉਰ ਅਵਤਾਰ ਹੀਰ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ (ਯੂਰਪ) ਦੇ ਪ੍ਰਧਾਨ ਹਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਲੋਕ ਗਾਇਕ ਤਨਵੀਰ ਜਲਾਲ ਲੈ ਕੇ ਹਾਜ਼ਰ ਹੈ 'ਜਿਉਣਾ ਮੌੜ'



**ਚੰਡੀਗੜ੍ਹ(ਗੁਰਭਿੰਦਰ ਗੁਰੀ)** ਕਲੀਆ ਦੇ ਬਾਦਸਾਹ ਸ੍ਰੀ ਕੁਲਦੀਪ ਮਾਣਕ ਦੇ ਘਰਾਣੇ ਵਿਚੋ ਪ੍ਰਸਿੱਧ ਲੋਕ ਗਾਇਕ ਤਨਵੀਰ ਜਲਾਲ ਆਪਣੇ ਸਰੋਤਿਆ ਦੀ ਕਚਹਿਰੀ ਵਿਚ ਲੈ ਕੇ ਹਾਜ਼ਰ ਹੈ।ਆਪਣਾ ਸਿੰਗਲ ਟਰੈਕ ਗੀਤ 'ਜਿਉਣਾ ਮੌੜ',ਇਸ ਗੀਤ ਸਬੰਧੀ ਜਾਣਕਾਰੀ ਦਿੰਦਿਆ ਗਾਇਕ ਤਨਵੀਰ ਜਲਾਲ ਨੇ ਦੱਸਿਆ ਕਿ ਇਸ ਗੀਤ ਨੂੰ ਮੇਰੇ ਦਾਦਾ ਜੀ ਕੁਲਦੀਪ ਮਾਣਕ ਨੇ ਅੱਜ ਤੋ 47 ਸਾਲ (1979 ਵਿਚ) ਪਹਿਲਾ ਆਪਣੀ ਅਵਾਜ ਵਿਚ ਰਿਕਾਰਡ ਕਰਵਾਇਆ ਸੀ ਅਤੇ ਇਸ ਗੀਤ ਨੂੰ ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਪ੍ਰਸਿੱਧ ਗੀਤਕਾਰ ਬਾਪੂ ਦੇਵ ਥਰੀਕਿਆ ਵਾਲਿਆ ਨੇ ਆਪਣੀ ਮਿਆਰੀ ਕਲਮ ਨਾਲ ਸਿੰਗਾਰਿਆ ਸੀ।ਉਨ੍ਹਾ ਦੱਸਿਆ ਦਰਸਕਾ ਦੀ ਮੰਗ ਤੇ ਇਸ ਗੀਤ ਨੂੰ ਨਵੇ ਸੰਗੀਤ ਵਿਚ ਪ੍ਰਸਿੱਧ ਸੰਗੀਤਕਾਰ ਗੁਰਸੇਪਾਲ ਦੀ ਟੀਮ ਨੇ ਬਹੁਤ ਹੀ ਸਖਤ ਮਿਹਨਤ ਨਾਲ ਤਿਆਰ ਕੀਤਾ ਹੈ ਅਤੇ ਇਸ ਗੀਤ ਦੇ ਪ੍ਰੋਡਿਊਸਰ ਲਵਨੀਤ ਸਿੰਘ ਬਲਿੰਗ ਅਤੇ ਇੰਦੀ ਬਲਿੰਗ ਹਨ।ਉਨ੍ਹਾ ਦੱਸਿਆ ਕਿ ਮੈਨੂੰ ਯਕੀਨ ਹੈ ਕਿ ਮੇਰੇ ਰੱਬ ਵਰਗੇ ਸਰੋਤੇ ਮੇਰੇ ਪਹਿਲੇ ਗੀਤਾ ਵਾਗ ਇਸ ਗੀਤ ਨੂੰ ਵੀ ਮਾਂ ਵਰਗਾ ਪਿਆਰ ਦੇਣਗੇ।ਅੰਤ ਵਿਚ ਉਨ੍ਹਾ ਕਿਹਾ ਕਿ ਕੁਲਦੀਪ ਮਾਣਕ ਦੇ ਗਾਏ ਗੀਤ ਸ਼ਹੀਦ ਉਧਮ ਸਿੰਘ,ਸੁੱਚਾ ਸੂਰਮਾ,ਜੱਗਾ ਡਾਕੂ,ਹਰਫੂਲ ਡਾਕੂ ਅਤੇ ਲੋਕ ਤੱਥ ਗੀਤਾ ਨੂੰ ਨਵੇ ਅੰਦਾਜ ਅਤੇ ਨਵੇ ਸੰਗੀਤ ਵਿਚ ਤਿਆਰ ਕਰਕੇ ਜਲਦੀ ਰਿਲੀਜ ਕੀਤੇ ਜਾਣਗੇ।ਇਸ ਮੌਕੇ ਉਨ੍ਹਾ ਬੀਬੀ ਸਰਬਜੀਤ ਮਾਣਕ,ਗਾਇਕ ਯੁੱਧਵੀਰ ਮਾਣਕ,ਸਕਤੀ ਮਾਣਕ,ਲੋਕ ਗਾਇਕ ਜੈਜੀ ਬੈਸ,ਗਾਇਕ ਕੇਵਲ ਜਲਾਲ,ਇੰਦੀ ਬਲਿੰਗ, ਲੋਕ ਗਾਇਕਾ ਸੁਖਵੰਤ ਸੁੱਖੀ,ਲੋਕ ਗਾਇਕਾ ਕੁਲਦੀਪ ਕੌਰ,ਜਗਵੰਤ ਸਿੰਘ ਥਰੀਕੇ ਅਤੇ ਗੀਤਕਾਰ ਦੇਵ ਥਰੀਕੇ ਪਰਿਵਾਰ ਦਾ ਧੰਨਵਾਦ ਕੀਤਾ।

# ਪੰਜਾਬ ਵਿੱਚ ਬਣੇਗੀ ਕਾਂਗਰਸ ਦੀ ਸਰਕਾਰ - ਪਹਿਲਵਾਨ





**ਲੁਧਿਆਣਾ 17 ਮਈ (ਕਰਨੈਲ ਸਿੰਘ ਐੱਮ.ਏ.)** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਪਹਿਲਵਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਿਛਲੇ ਸਵਾ ਚਾਰ ਸਾਲਾਂ ਵਿੱਚ ਬਦਲਾਅ ਦੇ ਨਾਂ ਤੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਦੇਖ ਲਈ ਹੈ, ਜੋ ਚੋਣਾਂ ਤੋਂ ਪਹਿਲਾਂ ਕੀਤੇ ਗਏ ਕਿਸੇ ਵੀ ਵਾਅਦੇ ਤੇ ਖਰੀ ਨਹੀਂ ਉੱਤਰੀ। ਹਲਕਾ ਪੂਰਬੀ ਦੇ ਵਾਰਡ ਨੰਬਰ 20 ਦੇ ਮੁਹੱਲਾ ਨਿਊ ਸੁਖਦੇਵ ਨਗਰ ਵਿੱਚ ਪਰਮਿੰਦਰ ਸਿੰਘ ਦੇ ਘਰ ਹੋਈ ਮੀਟਿੰਗ ਦੌਰਾਨ ਉਹਨਾਂ ਕਿਹਾ ਕਿ ਪੰਜਾਬ ਵਿੱਚ ਗੁੰਡਾਗਰਦੀ ਸਿਖਰ ਤੇ ਪਹੁੰਚ ਚੁੱਕੀ ਹੈ। ਕਾਨੂੰਨ-ਵਿਵਸਥਾ ਜੀਰੋ ਹੈ। ਦਿਨ-ਦਿਹਾੜੇ ਕਤਲ ਹੋ ਰਹੇ ਹਨ, ਲੁੱਟਾਂ-ਖੋਹਾਂ ਦੀ ਵਾਰਦਾਤਾਂ ਨੇ ਲੋਕਾਂ ਦਾ ਜੀਉਣਾ ਮੁਸ਼ਕਿਲ ਕੀਤਾ ਹੋਇਆ ਹੈ। ਨਸ਼ੇ ਦੀ ਖੇਪ ਹਰ ਗਲੀ-ਮੁਹੱਲੇ ਤੱਕ ਪਹੁੰਚ ਚੁੱਕੀ ਹੈ। ਇਸ ਕਾਰਣ ਲੋਕ ਆਜ਼ਾਦੀ ਤੋਂ ਬਾਅਦ ਤੋਂ ਹੀ ਦੇਸ਼ ਨੂੰ ਚਲਾ ਕੇ ਵਿਕਾਸ ਦੇ ਰਾਹਾਂ ਤੱਕ ਪਹੁੰਚਾਉਣ ਵਾਲੀ ਕਾਂਗਰਸ ਸਰਕਾਰ ਨੂੰ ਯਾਦ ਕਰ ਰਹੇ ਹਨ । ਲੋਕ ਅਗਲੀਆਂ ਵਿਧਾਨ ਸਭ ਚੋਣਾਂ ਵਿੱਚ ਪੰਜਾਬ ਦੀ ਸੱਤਾ ਵਾਪਸ ਕਾਂਗਰਸ ਨੂੰ ਸੌਂਪਣ ਲਈ ਕਾਹਲੇ ਹਨ। ਇਸ ਮੌਕੇ ਸੰਨੀ ਪਹੂਜਾ, ਅਰਸ਼ਵੀਰ ਸਿੰਘ, ਜਸਪ੍ਰੀਤ ਸਿੰਘ, ਅਨਿਲ ਖੰਨਾ, ਮੁਨੀਸ਼ ਠੁਕਰਾਲ, ਇਕਬਾਲ ਸਿੰਘ, ਪਰਵਿੰਦਰ ਸਿੰਘ, ਅਭਿਸ਼ੇਕ ਕੁਮਾਰ, ਰਸ਼ਪਾਲ ਸਿੰਘ ਮੱਲ੍ਹੂ ਅਤੇ ਕੁਮਾਰ ਸੋਨੂ ਲਾਖਾ ਵੀ ਮੌਜੂਦ ਰਹੇ।

# ਡਾ ਅੰਬੇਦਕਰ ਸਪੋਰਟਸ ਅਕੈਡਮੀ ਸੁੰਢ ਕਿੱਕ ਬਾਕਸਿੰਗ ਵਿਚੋਂ ਸੋਨੇ ਦਾ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤੇ



**ਬੰਗਾ 17 ਮਈ( ਚਰਨਜੀਤ ਸੱਲ੍ਹਾ )**15 ਮਈ ਤੋਂ 17 ਮਈ 2026 ਤੱਕ ਬਨਾਰਸੀ ਦਾਸ ਕਾਲਜ ਜਲੰਧਰ, ਸੰਗਠਨ - ਕਿੱਕਬਾਕਸਿੰਗ ਐਸੋਸੀਏਸ਼ਨ ਕਪੂਰਥਲਾ ਵਿਖੇ ਆਯੋਜਿਤ 22 ਵੀਂ ਕੈਡੇਟ ਸਟੇਟ ਕਿੱਕਬਾਕਸਿੰਗ ਚੈਂਪੀਅਨਸ਼ਿਪ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੇ ਭਾਗ ਲਿਆ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਨਗਰ ਤੋਂ 35 ਖਿਡਾਰੀਆਂ ਨੇ ਭਾਗ ਲਿਆ ਅਤੇ ਡਾ ਅੰਬੇਦਕਰ ਸਪੋਰਟਸ ਅਕੈਡਮੀ ਸੁੰਢ ਤੋਂ 18 ਖਿਡਾਰੀਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚ ਤਗਮਿਆਂ ਦੀ ਕੁੱਲ ਗਿਣਤੀ ਸੋਨੇ ਦੇ ਤਗਮੇ 03 , ਚਾਂਦੀ ਦੇ ਤਗਮੇ 10 ਅਤੇ ਕਾਂਸੀ ਦੇ ਤਗਮੇ 05 ਤੇ ਜਿੱਤ ਪ੍ਰਾਪਤ ਕੀਤੀ ਹੈ ਜਿਸ ਵਿੱਚ ਡਾ ਅੰਬੇਦਕਰ ਸਪੋਰਟਸ ਅਕੈਡਮੀ ਸੁੰਢ ਨੇ ਸੋਨੇ ਦਾ 1 ਚਾਂਦੀ ਦੇ 5 ਅਤੇ ਕਾਂਸੀ ਦੇ 3 ਤਗਮਿਆਂ ਤੇ ਜਿੱਤ ਪ੍ਰਾਪਤ ਕੀਤੀ ਹੈ। ਕੈਡੇਟ ਸਟੇਟ ਕਿੱਕਬਾਕਸਿੰਗ ਚੈਂਪੀਅਨਸ਼ਿਪ ਵਿੱਚ ਟੀਮ ਦੇ ਕੋਚ ਹਰਸਿਮਰਨ ਸਿੰਘ ਲੌਂਗੀਆ , ਹਰਵਿੰਦਰ ਕੌਰ ਅਤੇ ਰਾਜ ਹਾਜ਼ਰ ਸਨ। ਕੈਡੇਟ ਸਟੇਟ ਕਿੱਕਬਾਕਸਿੰਗ ਚੈਂਪੀਅਨਸ਼ਿਪ ਵਿੱਚ ਅਧਿਕਾਰੀ ਕਮਲਾ ਦੇਵੀ ਅਤੇ ਜਸਕਰਨਪ੍ਰੀਤ ਅਤੇ ਕਿੱਕਬਾਕਸਿੰਗ ਐਸੋਸੀਏਸ਼ਨ ਐਸ ਬੀ ਐੱਸ ਨਗਰ ਦੇ ਜਨਰਲ ਸਕੱਤਰ ਅਤੇ ਡਾ ਅੰਬੇਦਕਰ ਸਪੋਰਟਸ ਅਕੈਡਮੀ ਸੁੰਢ ਦੇ ਖੇਡ ਇੰਚਾਰਜ ਵੀ ਹਾਜ਼ਰ ਸਨ। ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਅਤੇ ਸਲਾਹਕਾਰ ਕੁਲਦੀਪ ਭੱਟੀ ਜੀ ਦੀਆਂ ਵਿਸ਼ੇਸ਼ ਕੋਸ਼ਿਸ਼ਾਂ ਨਾਲ ਤਗਮੇ ਪ੍ਰਾਪਤ ਕੀਤੇ ਇਨ੍ਹਾਂ ਦੀਆਂ ਸ਼ੁਭ ਇੱਛਾਵਾਂ ਖਿਡਾਰੀਆਂ ਦੇ ਹਮੇਸ਼ਾ ਨਾਲ ਹਨ।

# ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਮਹਿਲ ਗਹਿਲਾ ਦੇ ਵਿਦਿਆਰਥੀਆਂ ਨੇ ਚੰਗੇ ਨੰਬਰਾਂ ਵਿੱਚ 10+2 ਵੀਂ ਪਾਸ ਕੀਤੀ

**ਬੰਗਾ( ਚਰਨਜੀਤ ਸੱਲ੍ਹਾ )** ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਮਹਿਲ ਗਹਿਲਾ ਦੇ ਵਿਦਿਆਰਥੀਆਂ ਨੇ ਚੰਗੇ ਨੰਬਰਾਂ ਵਿੱਚ 10+2 ਪਾਸ ਕੀਤੀ ਹੈ। ਜਿਨ੍ਹਾਂ ਵਿੱਚ ਮਨਰੀਤ ਕੌਰ ਦੇ ਨੇ 500 ਵਿੱਚੋਂ468 ਨੰਬਰਾਂ ਪ੍ਰਾਪਤ ਕੀਤੇ,ਅੰਚਲ ਨੇ 500 ਵਿੱਚੋਂ 462 ਨੰਬਰ ਪ੍ਰਾਪਤ ਕੀਤੇ, ਅਮਨਜੋਤ ਕੌਰ 500 ਵਿੱਚੋਂ 462 ਨੰਬਰ ਪ੍ਰਾਪਤ ਕੀਤੇ ਅਤੇ ਲਵਦੀਪ ਨੇ 500 ਵਿੱਚੋਂ 460 ਨੰਬਰ ਪ੍ਰਾਪਤ ਕਰਕੇ ਆਪਣੇ ਮਾਂ ਪਿਓ ਅਤੇ ਸਕੂਲ ਦੇ ਟੀਚਰਾਂ ਦਾ ਨਾਂ ਰੌਸ਼ਨ ਕੀਤਾ। ਇਸ ਤੇ ਸਕੂਲ ਇੰਨਚਾਜ ਮੈਡਮ ਸੁਨੀਤਾ ਦੇਵੀ ਅਤੇ ਕਲਾਸ ਇੰਨਚਾਜ ਰਾਜਿੰਦਰ ਕੁਮਾਰ ਸ਼ਰਮਾ ਜੀ ਦੀ ਮਿਹਨਤ ਰੰਗ ਲਿਆਈ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਅੱਗੇ ਤੋਂ ਵੀ ਸ਼ੁਭ ਇੱਛਾਵਾਂ ਹਨ ਅਤੇ ਆਪਣੀ ਪੜ੍ਹਾਈ ਵਿੱਚ ਬਹੁਤ ਤਰੱਕੀਆਂ ਕਰਨ।



# ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਵਿਖੇ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ-ਦਿਹਾੜਾ ਮਨਾਇਆ

## ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ ਨੇ ਸੰਗਤਾਂ ਨੂੰ ਨਾਮ ਸਿਮਰਨ ਅਭਿਆਸ ਕਰਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਨੇੜੇ ਗਰੀਨ ਸਿਟੀ, ਫਿਰੋਜ਼ਪੁਰ ਰੋਡ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਦੀ ਜਾਣਕਾਰੀ ਦਿੰਦੇ ਹੋਏ ਜੱਥੇ: ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਸਿੱਖ ਕੌਮ ਦੇ ਮਹਾਨ ਸੂਰਬੀਰ ਸ਼੍ਰੋਮਣੀ ਜਰਨੈਲ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਜਨਮ-ਦਿਹਾੜਾ ਬੜੀ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸੰਬੰਧੀ ਆਯੋਜਿਤ ਕੀਤੇ ਗਏ ਸਮਾਗਮ ਦੌਰਾਨ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਦੇ ਸਰਪ੍ਰਸਤ ਸੰਤ ਬਾਬਾ ਸੁਖਬੀਰ ਸਿੰਘ ਜੀ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਅਤੇ ਨਾਮ-ਸਿਮਰਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਥੇ ਨਾਲ ਹੀ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਮਹਾਨ ਸ਼੍ਰੋਮਣੀ ਸਿੱਖ ਜਰਨੈਲ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਤੇ ਚਾਨਣ ਪਾਉਂਦਿਆਂ ਦੱਸਿਆ ਕਿ ਮੁਗਲਾਂ ਅਤੇ ਵਿਦੇਸ਼ੀ ਧਾੜਵੀਆਂ ਨਾਲ ਖੂਨੀ





ਸੰਘਰਸ਼ ਕਰਕੇ ਨਿਵੇਕਲਾ ਗੌਰਵਮਈ ਇਤਿਹਾਸ ਸਿਰਜਿਆ, ਜਿਸ ਦੀ ਬਦੌਲਤ ਅੱਜ ਵੀ ਉਹਨਾਂ ਦੇ ਦਲੇਰੀ ਭਰੀ ਕਾਰਨਾਮਿਆਂ ਤੇ ਕਾਰਜਾਂ ਨੂੰ ਸਮੁੱਚਾ ਸੰਸਾਰ ਯਾਦ ਕਰਦਾ ਹੈ । ਸਮਾਗਮ ਦੌਰਾਨ ਬੀਬੀ ਅੰਮ੍ਰਿਤਪਾਲ ਕੌਰ ਅਤੇ ਭਾਈ ਸਤਨਾਮ ਸਿੰਘ ਦੇ ਜਥੇ ਨੇ ਗੁਰਬਾਣੀ ਦੇ ਇਲਾਹੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸਮਾਗਮ ਦੌਰਾਨ ਸੰਤ ਬਾਬਾ ਸੁਖਬੀਰ ਸਿੰਘ ਖ਼ਾਲਸਾ ਜੀ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨ ਪਹੁੰਚੇ ਭਾਈ ਬਲਵਿੰਦਰ ਸਿੰਘ ਕੁਲਾਰ, ਬਲਜਿੰਦਰ ਸਿੰਘ ਮਠਾੜੂ, ਪਰਮਜੀਤ ਸਿੰਘ ਬੱਤਰਾ ਮੋਟਰ, ਹਰਜੀਤ ਸਿੰਘ ਪੁਨੀਤ ਮੋਟਰ ਨੂੰ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਪ੍ਰਮੁੱਖ ਪ੍ਰਬੰਧਕ ਰਾਜਵੰਤ ਸਿੰਘ ਵੋਹਰਾ, ਬਾਬਾ ਬਲਵਿੰਦਰ ਸਿੰਘ, ਇੰਦਰਜੀਤ ਸਿੰਘ, ਅਨਿਲ ਮਿਡਾ, ਜੰਗ ਸਿੰਘ, ਕਮਲਪਾਲ ਸਿੰਘ, ਗੁੰਥੀ ਸੁਰਿੰਦਰ ਪਾਲ ਸਿੰਘ, ਅਵਨਿੰਦਰ ਕੌਰ, ਬਹਾਦਰ ਸਿੰਘ, ਗੁਰਦੀਪ ਸਿੰਘ ਗਰੇਵਾਲ ਹਾਜ਼ਰ ਸਨ ।

# ਓਰੀਐਂਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ 12ਵੀਂ ਬੋਰਡ ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜੇ ਹਾਸਲ ਕੀਤੇ

**ਲੁਧਿਆਣਾ 17 ਮਈ (ਕਰਨੈਲ ਸਿੰਘ ਐੱਮ.ਏ.)** ਓਰੀਐਂਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਵਿੱਚ ਆਪਣੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਗਰਵ ਨਾਲ ਘੋਸ਼ਣਾ ਕੀਤੀ। ਵਿਦਿਆਰਥੀਆਂ ਨੇ ਆਪਣੀ ਮਿਹਨਤ, ਲਗਨ ਅਤੇ ਉੱਤਮ ਅਕਾਦਮਿਕ ਪ੍ਰਦਰਸ਼ਨ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ।ਟਾਪ ਵਿਦਿਆਰਥੀਆਂ ਵਿੱਚ ਹਿਮਾਂਸ਼ੀ ਨੇ 91% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਆਇਸ਼ਿਤਾ ਅਤੇ ਨੰਦਿਨੀ ਨੇ 90% ਅੰਕ ਪ੍ਰਾਪਤ ਕਰਕੇ ਸਾਂਝੇ ਤੌਰ 'ਤੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਮਹਿਕਦੀਪ ਨੇ 88% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਯਾਸ਼ਿਕਾ ਨੇ 86% ਅਤੇ ਜੋਇਆ ਨੇ 84% ਅੰਕ ਪ੍ਰਾਪਤ ਕਰਕੇ ਸਕੂਲ ਦੇ ਸ਼ਾਨਦਾਰ ਨਤੀਜਿਆਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਮਾਣਯੋਗ ਮੌਕੇ 'ਤੇ ਚੇਅਰਮੈਨ ਸ਼੍ਰੀ ਵਿਕਰਮ ਸ਼ਰਮਾ, ਐਮ.ਡੀ. ਸ਼੍ਰੀਮਤੀ ਸ਼ਾਰਦਾ ਸ਼ਰਮਾ ਅਤੇ ਸ਼੍ਰੀ ਸ਼ੁਭਮ ਸ਼ਰਮਾ, ਡਾਇਰੈਕਟਰ ਡਾ: ਸ਼੍ਰੁਤੀ ਸ਼ਰਮਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਲਕਸ਼ਮੀ



ਠਾਕੁਰ ਚੌਹਾਨ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਨੂੰ ਉਨ੍ਹਾਂ ਦੀ ਨਿਰੰਤਰ ਮਿਹਨਤ, ਸਮਰਪਣ ਅਤੇ ਉੱਤਮ ਪ੍ਰਦਰਸ਼ਨ ਲਈ ਦਿਲੋਂ ਵਧਾਈ ਦਿੱਤੀ।ਸਕੂਲ ਪ੍ਰਬੰਧਕਾਂ ਨੇ ਅਧਿਆਪਕਾਂ ਦੀ ਮਿਹਨਤ ਅਤੇ ਸਮਰਪਣ ਦੀ ਭਰਪੂਰ ਸਰਾਹਨਾ ਕਰਦੇ ਹੋਏ ਵਿਸ਼ਵਾਸ ਜਤਾਇਆ ਕਿ ਵਿਦਿਆਰਥੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਾਮਯਾਬੀਆਂ ਹਾਸਲ ਕਰਦੇ ਰਹਿਣਗੇ। ਓਰੀਐਂਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਪਰਿਵਾਰ ਸਾਰੇ ਵਿਦਿਆਰਥੀਆਂ ਦੇ ਚੰਗੇ, ਸਫਲ ਅਤੇ ਖੁਸ਼ਹਾਲ ਭਵਿੱਖ ਦੀ ਕਾਮਨਾ ਕਰਦਾ ਹੈ।

# ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ- ਸੰਗਰੂਰ ਦੀ ਇਕੱਤਰਤਾ ਹੋਈ

## ਵਿਗਿਆਨਕ ਸੋਚ ਵਖਤ ਦੀ ਮੁੱਖ ਲੋੜ–ਤਰਕਸ਼ੀਲ

**ਸੰਗਰੂਰ 17 ਮਈ**

ਲੋਕਾਂ ਦਾ ਸੋਚਣ ਢੰਗ ਵਿਗਿਆਨਿਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ- ਸੰਗਰੂਰ ਦੀ ਇਕੱਤਰਤਾ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਪ੍ਰਧਾਨਗੀ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ ।

ਜੋਨ ਮੀਡੀਆ ਮੁਖੀ ਇਕਾਈ ਸੀਤਾ ਰਾਮ ਬਾਲਦ ਕਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਸਾਲਾਨਾ ਇਕੱਤਰਤਾ ਤੇ ਚਲਦੀ ਫਿਰਦੀ ਲਾਇਬਰੇਰੀ ਤਰਕਸ਼ੀਲ ਸਾਹਿਤ ਵੈਨ ਦਾ ਜੋਨ ਦੇ ਸਫ਼ਰ ਦਾ ਰੀਵਿਉ ਕੀਤਾ ਗਿਆ ਤੇ ਜੋਨ ਤੇ ਇਕਾਈ ਵੱਲੋਂ ਕੀਤੀਆਂ ਸਰਗਰਮੀਆਂ ਚੇਤਨਾ ਪਰਖ ਪ੍ਰੀਖਿਆ ਤੇ





ਅੰਧਵਿਸ਼ਵਾਸੀ ਰੋਕੂ ਬਣੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਦਿੱਤੇ ਮੰਗ ਪੱਤਰ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਤੇ ਜ਼ਿਲ੍ਹਾ ਬਰਨਾਲਾ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ।ਜੂਨ ਮਹੀਨੇ ਲਗ ਰਹੇ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਤੇ ਚਰਚਾ ਕਰਦਿਆਂ ਇਕਾਈਆਂ ਨੂੰ ਲਗਾਤਾਰ ਮੀਟਿੰਗਾਂ ਕਰਨ ਤੇ ਜੋਨ ਤੇ ਸੂਬੇ ਦੀਆਂ ਮੀਟਿੰਗਾਂ ਤੇ ਸਮਾਗਮਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ ਲਈ ਕਿਹਾ ਗਿਆ।

ਮੀਟਿੰਗ ਵਿੱਚ ਸੋਸ਼ਲ ਮੀਡੀਆ ਨੂੰ ਵਰਤਣ ਦੇ ਨੁਕਤੇ ਵੀ ਸਾਂਝੇ ਕੀਤੇ ਗਏ।

ਮੀਟਿੰਗ ਵਿੱਚ ਸੂਬਾ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ, ਸੂਬਾ ਆਗੂ ਹੇਮਰਾਜ ਸਟੈਨੋ, ਗੁਰਪ੍ਰੀਤ ਸ਼ਹਿਣਾ,ਰਜੇਸ਼ ਅਕਲੀਆ, ਗੁਰਦੀਪ ਸਿੰਘ ਲਹਿਰਾ, ਕੁਲਦੀਪ ਨੈਣੇਵਾਲ,ਸੁਰਿੰਦਰ ਪਾਲ, ਵਿਸ਼ਵ ਕਾਂਤ,ਨਾਇਬ ਸਿੰਘ ਰਟੋਲਾਂ ਨੇ ਸ਼ਮੂਲੀਅਤ ਕੀਤੀ। ਤਰਕਸ਼ੀਲਾਂ ਨੇ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਵੇਲਾ ਵਿਹਾਅ ਚੁੱਕੀਆਂ ਰਸਮਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਚਾਨਣ ਵਿੱਚ ਆਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਵਿਗਿਆਨਕ ਸੋਚ ਵਖਤ ਦੀ ਮੁੱਖ ਲੋੜ ਹੈ।

**ਮਾਸਟਰ ਪਰਮਵੇਦ**
**ਜ਼ੋਨ ਜਥੇਬੰਦਕ ਮੁਖੀ**
**9417422349**

# ਜੇ.ਐਸ.ਟੀ. ਟਰੱਕ ਪਰਮਿਟ--ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਤੀਜਾ ਦਿਨ

## ਸੀਨੀਅਰ ਵਰਗ ਵਿੱਚ ਫ਼ਿਰੋਜ਼ਪੁਰ ਅਤੇ ਉਟਾਲਾ, ਜੂਨੀਅਰ ਵਰਗ ਵਿੱਚ ਕਿਲਾ ਰਾਏਪੁਰ ਅਤੇ ਸੰਗਰੂਰ ਰਹੇ ਜੇਤੂ





**ਲੁਧਿਆਣਾ 17 ਮਈ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ 16ਵਾਂ ਜੇ.ਐਸ.ਟੀ. ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਤੀਜੇ ਦਿਨ ਅੱਜ ਸੀਨੀਅਰ ਵਰਗ ਵਿੱਚ ਬਾਬਾ ਸ਼ੇਰ ਸਾਹ ਵਲੀ ਅਕੈਡਮੀ ਫਿਰੋਜ਼ਪੁਰ ਅਤੇ ਯੰਗ ਉਟਾਲਾ ਜੇਤੂ ਰਹੇ ਜਦ ਕਿ ਜੂਨੀਅਰ ਵਰਗ ਵਿੱਚ ਕਿਲਾ ਰਾਏਪੁਰ ਅਤੇ ਸੰਗਰੂਰ ਦੀਆਂ ਟੀਮਾਂ ਨੇ ਆਪਣੇ ਜੇਤੂ ਕਦਮ ਅੱਗੇ ਵਧਾਏ। ਅੱਜ ਤੀਸਰੇ ਦਿਨ ਦੂਸਰੇ ਗੇੜ ਦੇ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਜੂਨੀਅਰ ਵਿਸ਼ਵ ਕੱਪ ਜੇਤੂ ਕਪਤਾਨ ਹਰਜੀਤ ਸਿੰਘ ਹਰਜੀਤਾ ਦੀ ਕਪਤਾਨੀ ਹੇਠ ਬਾਬਾ ਸ਼ੇਰ ਸਾਹ ਵਲੀ ਹਾਕੀ ਅਕੈਡਮੀ ਫਿਰੋਜ਼ਪੁਰ ਨੇ ਅਮਰਗੜ੍ਹ ਹਾਕੀ ਸੈਂਟਰ ਨਾਲ 6-6 ਗੋਲਾਂ ਦੀ ਬਰਾਬਰੀ ਤੋਂ ਬਾਅਦ ਸ਼ੂਟ ਆਊਟ ਵਿੱਚ 3-2 ਗੋਲਾਂ ਨਾਲ ਹਰਾ ਕੇ ਟੂਰਨਾਮੈਂਟ ਦੀ ਪਹਿਲੀ ਜਿੱਤ ਹਾਸਿਲ ਕੀਤੀ, ਜਦਕਿ ਦੂਸਰੇ ਮੁਕਾਬਲੇ ਵਿੱਚ ਯੰਗ ਕਲੱਬ ਉਟਾਲਾ ਨੇ ਲੁਧਿਆਣਾ ਸਪੋਰਟਸ ਕਲੱਬ ਨੂੰ ਇੱਕ ਤਰਫਾ ਕਰਦਿਆਂ 7-2 ਗੋਲਾਂ ਨਾਲ ਮਾਤ ਦਿੱਤੀ। ਜੂਨੀਅਰ ਵਰਗ ਵਿੱਚ ਕਿਲਾ ਰਾਏਪੁਰ ਹਾਕੀ ਸੈਂਟਰ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ 6-2 ਗੋਲਾਂ ਹਰਾ ਕੇ ਟੂਰਨਾਮੈਂਟ ਦਾ ਵੱਡਾ ਉਲਟ ਫੇਰ ਕੀਤਾ ਜਦਕਿ ਇਸ ਤੋਂ ਪਹਿਲਾਂ ਸੰਗਰੂਰ ਅਕੈਡਮੀ ਨੇ ਨਨਕਾਣਾ ਸਾਹਿਬ ਛੰਨਾ ਅਮਰਗੜ੍ਹ ਹਾਕੀ ਸੈਂਟਰ ਨੂੰ 4-3 ਨਾਲ ਹਰਾ ਕੇ ਟੂਰਨਾਮੈਂਟ ਵਿੱਚ ਆਪਣੀ ਪਹਿਲੀ ਜਿੱਤ ਹਾਸਿਲ ਕੀਤੀ।

ਇਸ ਮੌਕੇ ਸ੍ਰ: ਗਿਆਨ ਸਿੰਘ ਕਾਲੜਾ ਜ਼ਿਲ੍ਹਾ ਕੋਆਰਡੀਨੇਟਰ ਸਿੱਖਿਆ ਕ੍ਰਾਂਤੀ ਆਮ ਆਦਮੀ ਪਾਰਟੀ, ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਬੀਰਮਪੁਰ, ਅਮਰੀਕ ਸਿੰਘ ਮਿਨਹਾਸ ਰਿਟਾਇਰਡ ਏ ਆਈਜੀ ਪੰਜਾਬ ਪੁਲਿਸ, ਸਾਬਕਾ ਕੌਮੀ ਖਿਡਾਰੀ ਰਛਪਾਲ ਸਿੰਘ ਨਾਗੀ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਨਾਲ ਜਾਣ ਪਹਿਚਾਣ ਕੀਤੀ । ਇਸ ਮੌਕੇ ਸਰਦਾਰ ਕਾਲੜਾ ਨੇ ਜਰਖੜ ਹਾਕੀ ਅਕੈਡਮੀ ਵਾਸਤੇ ਇੱਕ ਵਾਟਰ ਕੂਲਰ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ ਸ੍ਰੀ ਸੰਜੇ ਗੋਇਲ, ਡਾਕਟਰ ਮਨਜੀਤ ਸਿੰਘ, ਅਜੀਤ ਸਿੰਘ ਲਾਦੀਆ, ਸੁਨੀਲ ਕੁਮਾਰ ਸੈਕਟਰੀ ਸਪੋਰਟਸ ਰੇਲਵੇ ਫਿਰੋਜ਼ਪੁਰ, ਗੁਰਸਤਿੰਦਰ ਸਿੰਘ ਪਰਗਟ, ਬਾਬਾ ਰੁਲਦਾ ਸਿੰਘ, ਕੁਲਦੀਪ ਸਿੰਘ ਘਵੱਦੀ, ਸ਼ਿੰਗਾਰਾ ਸਿੰਘ ਜਰਖੜ, ਬੂਟਾ ਸਿੰਘ ਸਿੱਧੂ, ਦਲਵੀਰ ਸਿੰਘ ਜਰਖੜ, ਪਵਨਪ੍ਰੀਤ ਸਿੰਘ ਡੰਗੋਰਾ, ਕੋਚ ਹਰਮੀਤ ਸਿੰਘ ਜਰਖੜ ਅਕੈਡਮੀ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਸੀਨੀਅਰ ਵਰਗ ਦੀਆਂ ਜੇਤੂ ਟੀਮਾਂ ਨੂੰ ਡੇਢ ਲੱਖ ਦੀ ਇਨਾਮੀ ਰਾਸ਼ੀ ਜੇ.ਐਸ.ਟੀ. ਟਰੱਕ ਪਰਮਿਟ ਦੇ ਐਮ.ਡੀ. ਜੰਗਸ਼ੇਰ ਸਿੰਘ ਅਮਰੀਕਾ ਵਾਲਿਆਂ ਵੱਲੋਂ ਦਿੱਤੀ ਜਾਵੇਗੀ ਜਦ ਕਿ ਜੂਨੀਅਰ ਵਰਗ ਦੇ ਟੀਮਾਂ ਨੂੰ ਇਨਾਮੀ ਰਾਸ਼ੀ ਦੁਪਿੰਦਰ ਸਿੰਘ ਡਿੰਪੀ ਜਰਖੜ ਵੱਲੋਂ ਦਿੱਤੀ ਜਾਵੇਗੀ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 25 ਹਜ਼ਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਿਤ ਕੀਤਾ ਜਾਵੇਗਾ । ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰਨਿੰਗ ਟਰਾਫ਼ੀ ਅਤੇ 25,000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 18 ਹਜ਼ਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 13 ਹਜ਼ਾਰ ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।

# ਮਸ਼ਹੂਰ ਗੀਤਕਾਰ ਚੰਨ ਗੁਰਾਇਆਂ ਵਾਲਾ (ਸ੍ਰੀ ਭੁੱਲਾ ਰਾਮ) ਦੇ ਭੋਗ ਸਮਾਗਮ ਵਿੱਚ ਪਹੁੰਚੇ ਡਾਕਟਰ ਅਵਤਾਰ ਸਿੰਘ ਕਰੀਮਪੁਰੀ; 'ਪੰਜਾਬ ਸੰਭਾਲੋ ਮਹਿਮ' ਤਹਿਤ ਦਿੱਤੀ ਨਿੱਘੀ ਸ਼ਰਧਾਂਜਲੀ









**ਜਲੰਧਰ/ਗੁਰਾਇਆ, 17 ਮਈ 2026 (ਚਰਨਜੀਤ ਸੱਲ੍ਹਾ ਗੋਰਾ ਢੇਸੀ)** ਬਹੁਜਨ ਸਮਾਜ ਦੇ ਪ੍ਰਸਿੱਧ ਅਤੇ ਸਿਰਮੌਰ ਗੀਤਕਾਰ ਚੰਨ ਗੁਰਾਇਆਂ ਵਾਲਾ (ਸ੍ਰੀ ਭੁੱਲਾ ਰਾਮ ਜੀ) ਦੇ ਅੱਜ ਹੋਏ ਅੰਤਿਮ ਭੋਗ ਅਤੇ ਸ਼ਰਧਾਂਜਲੀ ਸਮਾਗਮ ਵਿੱਚ ਬਹੁਜਨ ਸਮਾਜ ਪਾਰਟੀ ਦੇ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਬਸਪਾ ਦੀ ਚੱਲ ਰਹੀ **'ਪੰਜਾਬ ਸੰਭਾਲੋ ਮਹਿਮ'** ਦੇ ਤਹਿਤ ਇਸ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚ ਕੇ ਡਾਕਟਰ ਕਰੀਮਪੁਰੀ ਨੇ ਪਾਰਟੀ ਅਤੇ ਸਮੁੱਚੇ ਸਮਾਜ ਵੱਲੋਂ ਵਿਛੜੀ ਰੂਹ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ।

ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸ੍ਰੀ ਭੁੱਲਾ ਰਾਮ (ਚੰਨ ਗੁਰਾਇਆਂ ਵਾਲਾ) ਨੇ ਆਪਣੀ ਕਲਮ ਜ਼ਰੀਏ ਬਹੁਜਨ ਸਮਾਜ ਦੀ ਆਵਾਜ਼, ਦਰਦ ਅਤੇ ਮਿਸ਼ਨਰੀ ਸੋਚ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਇਤਿਹਾਸਕ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਲਿਖਤਾਂ ਨੇ ਹਮੇਸ਼ਾ ਦੱਬੇ-ਕੁਚਲੇ ਸਮਾਜ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦਾ ਹੋਕਾ ਦਿੱਤਾ। ਡਾਕਟਰ ਕਰੀਮਪੁਰੀ ਨੇ ਕਿਹਾ ਕਿ ਅਜਿਹੀ ਮਿਸ਼ਨਰੀ ਸ਼ਖਸੀਅਤ ਦਾ ਚਲੇ ਜਾਣਾ ਪਰਿਵਾਰ ਦੇ ਨਾਲ ਸਮੁੱਚੀ ਬਹੁਜਨ ਲਹਿਰ ਅਤੇ ਸਾਹਿਤ ਜਗਤ ਲਈ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਬਸਪਾ ਦੀ 'ਪੰਜਾਬ ਸੰਭਾਲੋ ਮਹਿਮ' ਜਿੱਥੇ ਪੰਜਾਬ ਦੇ ਭਖਦੇ ਮਸਲਿਆਂ, ਨੌਜਵਾਨਾਂ ਦੇ ਪ੍ਰਵਾਸ, ਆਰਥਿਕ ਸੰਕਟ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਜਨਤਾ ਦੀ ਆਵਾਜ਼ ਬਣ ਰਹੀ ਹੈ, ਉੱਥੇ ਹੀ ਇਹ ਮਹਿਮ ਸਾਡੇ ਸਮਾਜ ਦੇ ਉਨ੍ਹਾਂ ਹੀਰਿਆਂ ਨੂੰ ਵੀ ਨਮਨ ਕਰਦੀ ਹੈ ਜਿਨ੍ਹਾਂ ਨੇ ਸਾਰੀ ਉਮਰ ਸਮਾਜ ਦੀ ਸੇਵਾ ਵਿੱਚ ਲਗਾ ਦਿੱਤੀ।

ਇਸ ਦੌਰਾਨ ਡਾਕਟਰ ਕਰੀਮਪੁਰੀ ਨੇ ਸ਼ੋਕਗ੍ਰਸਤ ਪਰਿਵਾਰ ਨਾਲ ਮੁਲਾਕਾਤ ਕਰਕੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਕਿ ਪਿੱਛੇ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਇਸ ਮੌਕੇ ਡਾਕਟਰ ਕਰੀਮਪੁਰੀ ਦੇ ਨਾਲ ਤੀਰਥ ਰਾਜਪੁਰਾ ਜੋਨ ਇੰਚਾਰਜ,ਸ੍ਰੀ ਖੁਸ਼ੀ ਰਾਮ ਵਿਧਾਨ ਸਭਾ ਫਲੋਰ ਇੰਚਾਰਜ, ਹੈਪੀ ਰੁੜਕਾ ਜਿਲਾ ਉਪ ਪ੍ਰਧਾਨ, ਅਸ਼ੋਕ ਰੱਤੂ ਗੁਰਾਇਆ, ਸਤਪਾਲ ਵਿਰਕ ਜੀ, ਬਹੁਜਨ ਸਮਾਜ ਪਾਰਟੀ ਦੇ ਸਥਾਨਕ ਆਗੂ, ਵਰਕਰ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

for more news visit:
www.samajweekly.com

# ਬਾਬਾ ਬੀਰ ਸਿੰਘ ਜੀ ਦੇ 182 ਵੇਂ ਸ਼ਹੀਦੀ ਦਿਵਸ ਤੇ ਖ਼ੂਨਦਾਨ ਕੈਂਪ ਲਗਾਇਆ

## ਬਾਬਾ ਬੀਰ ਸਿੰਘ ਬਲੱਡ ਡੋਨੇਟ ਸੋਸਾਇਟੀ ਹਮੇਸ਼ਾ ਜਰੂਰਤਮੰਦਾਂ ਲਈ ਖ਼ੂਨ ਦਾ ਪ੍ਰਬੰਧ ਕਰਦੀ ਹੈ- ਲਖਵਿੰਦਰ ਸਿੰਘ ਨੰਨੜਾ

**ਕਪੂਰਥਲਾ, 17 ਮਈ (ਕੌੜਾ)–** ਗੁਰਦੁਆਰਾ ਬਾਬਾ ਬੀਰ ਸਿੰਘ ਜੀ ਬੂਲਪੁਰ ਵਿਖੇ ਬਾਬਾ ਬੀਰ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਾਬਾ ਬੀਰ ਸਿੰਘ ਬਲੱਡ ਡੋਨੇਟ ਸੁਸਾਇਟੀ ਕਪੂਰਥਲਾ ਦੁਆਰਾ ਖੂਨਦਾਨ ਕੈਂਪ ਲਗਾਇਆ ਗਿਆ । ਇਸ ਦੌਰਾਨ ਵੱਡੀ ਗਿਣਤੀ ਵਿਚ ਖੂਨਦਾਨੀਆਂ ਵੱਲੋਂ ਖੂਨਦਾਨ ਕੀਤਾ ਗਿਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਬਾਬਾ ਬੀਰ ਸਿੰਘ ਬਲੱਡ ਡੋਨੇਟ ਸੋਸਾਇਟੀ ਦੇ ਸੰਸਥਾਪਕ ਲਖਵਿੰਦਰ ਸਿੰਘ ਨੰਨੜਾ ਤੇ ਸੋਸਾਇਟੀ ਮੈਂਬਰਾਂ ਦੁਆਰਾ ਸਾਂਝੇ ਤੌਰ ਤੇ ਕੀਤਾ ਗਿਆ। ਇਹ ਕੈਂਪ ਜੋ ਸਿਵਲ ਹਸਪਤਾਲ ਕਪੂਰਥਲਾ ਦੇ ਸਾਂਝੇ ਸਹਿਯੋਗ ਨਾਲ ਬਾਬਾ ਬੀਰ ਸਿੰਘ ਸੁਸਾਇਟੀ ਬੂਲਪੁਰ ਦੁਆਰਾ ਲਗਾਇਆ ਗਿਆ। ਇਸ ਵਿੱਚ ਕੁੱਲ 28 ਯੂਨਿਟ ਖੂਨਦਾਨੀਆਂ ਵੱਲੋਂ ਦਾਨ ਕੀਤਾ ਗਿਆ।



ਇਸ ਦੌਰਾਨ ਜਿੱਥੇ ਖੂਨਦਾਨ ਕਰਨ ਵਾਲੇ ਖੂਨਦਾਨੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਉੱਥੇ ਹੀ ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਕਪੂਰਥਲਾ ਸੱਜਣ ਸਿੰਘ ਚੀਮਾ ਨੇ ਖੂਨਦਾਨੀਆਂ ਨੂੰ ਬਲਵਿੰਦਰ ਸਿੰਘ, ਮਨਦੀਪ ਸਿੰਘ ਥਿੰਦ, ਸੋਨੂੰ ਜੈਨਪੁਰ, ਜੋਗਿੰਦਰ ਸਿੰਘ, ਸੁਖਨਿੰਦਰ ਸਿੰਘ ਮੋਮੀ, ਸਰਬਜੀਤ ਸਿੰਘ ਆੜਤੀਆ, ਨਿਰਮਲ ਸਿੰਘ ਨੰਡਾ, ਦੀ ਹਾਜਰੀ ਵਿੱਚ ਸੁਸਾਇਟੀ ਵੱਲੋਂ ਪ੍ਰਸ਼ੰਸ਼ਾ ਪੱਤਰ ਤੇ ਮੈਡਲ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਸੋਸਾਇਟੀ ਦੇ ਸੰਸਥਾਪਕ ਲਖਵਿੰਦਰ ਸਿੰਘ ਨੰਨੜਾ ਨੇ ਕਿਹਾ ਕਿ ਬਾਬਾ ਬੀਰ ਸਿੰਘ ਬਲੱਡ ਡੋਨੇਟ ਸੋਸਾਇਟੀ ਵੱਲੋਂ ਲਗਾਤਾਰ ਜਰੂਰਤਮੰਦ ਮਰੀਜ਼ਾਂ ਲਈ ਖ਼ੂਨ ਦਾ ਪ੍ਰਬੰਧ ਕੀਤਾ ਜਾਂਦਾ ਹੈ ਤੇ ਇਸ ਦੇ ਨਾਲ ਸੋਸਾਇਟੀ ਦੁਆਰਾ ਸਮੇਂ ਸਮੇਂ ਤੇ ਵੱਖ-ਵੱਖ ਥਾਵਾਂ ਤੇ ਕੈਂਪ ਵੀ ਆਯੋਜਿਤ ਕੀਤੇ ਜਾਂਦੇ ਹਨ। ਉਹਨਾਂ ਕਿਹਾ ਕਿ ਇਸ ਸਮੇਂ ਥੈਲੇਸੀਮੀਆ ਦੇ ਮਰੀਜ਼ਾਂ ਨੂੰ ਸਭ ਤੋਂ ਜਿਆਦਾ ਖ਼ੂਨ ਦੀ ਜਰੂਰਤ ਪੈਂਦੀ ਹੈ ਤੇ ਇਸ ਦੇ ਨਾਲ ਹੀ ਕਈ ਹੋਰ ਕੇਸਾਂ ਵਿੱਚ ਵੀ ਖ਼ੂਨ ਦੀ ਜਰੂਰਤ ਹਮੇਸ਼ਾ ਮਰੀਜ਼ਾਂ ਨੂੰ ਰਹਿੰਦੀ ਹੈ। ਜਿਸ ਲਈ ਹਰ ਇੱਕ ਨੂੰ ਆਪਣਾ ਖ਼ੂਨ ਦਾਨ ਕਰਕੇ ਇਸ ਪਵਿੱਤਰ ਕਾਰਜ ਵਿੱਚ ਹਿੱਸਾ ਜਰੂਰ ਪਾਉਣਾ ਚਾਹੀਦਾ ਹੈ। ਇਸ ਕੈਂਪ ਨੂੰ ਸਫਲ ਬਣਾਉਣ ਲਈ ਜਸਵੰਤ ਸਿੰਘ ਪਾਜੀਆਂ, ਜੋਗਿੰਦਰ ਸਿੰਘ, ਸੁਖਨਿੰਦਰ ਸਿੰਘ, ਨਿਰਮਲ ਸਿੰਘ ਜੇ ਈ, ਹਰਪ੍ਰੀਤ ਸਿੰਘ ਹੈਪੀ, ਦਲਜੀਤ ਸਿੰਘ ਚੰਦੀ, ਮਨਦੀਪ ਸਿੰਘ ਮਿੰਟੂ,ਅਮਰਿੰਦਰ ਸਿੰਘ ਟੋਨਾ,ਬਿੰਦਾ ਸੈਦਪੁਰ,ਬਾਬਾ ਸੋਢੀ ਨੇ ਅਹਿਮ ਯੋਗਦਾਨ ਪਾਇਆ।

# ਸੋਮਲ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਗੋਇੰਦਵਾਲ ਵਿਖੇ ਮਨਾਇਆ ਗਿਆ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਪਿੰਡ ਗੋਇੰਦਵਾਲ ਵਿਖੇ ਸੋਮਲ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਧਾਰਮਿਕ ਸ਼ਰਧਾ ਭਾਵਨਾ ਨਾਲ ਪ੍ਰਬੰਧਕ ਕਮੇਟੀ ਵੱਲੋਂ ਮਨਾਇਆ ਗਿਆ। ਇਸ ਮੌਕੇ ਕਰਵਾਏ ਧਾਰਮਿਕ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਪਾਠ ਕਰਾਏ ਗਏ ਅਤੇ ਪਾਠ ਦੇ ਭੋਗ ਉਪਰੰਤ ਉੱਘੇ ਢਾਡੀ ਜੱਥੇ ਵੱਲੋਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਹਰਦੇਵ ਸਿੰਘ ਬੋਪਾਰਾਏ ਸੂਬਾ ਪ੍ਰਧਾਨ ਮੀਮ ਭੀਮ ਖਾਲਸਾ ਸੰਗਠਨ ਨੇ ਕਿਹਾ ਕਿ ਜੋ ਆਪਣੇ ਵੱਡੇ ਵਡੇਰਿਆਂ ਦੇ ਦਿਨ ਮਨਾਉਂਦੇ ਨੇ ਉਹ ਕੌਮਾਂ ਸਦਾ ਕਾਇਮ ਰਹਿੰਦੀਆਂ ਹਨ। ਇਸ ਮੌਕੇ ਹਰਦੀਪ ਸਿੰਘ, ਦਲਜੀਤ ਸਿੰਘ, ਸੁਖਵਿੰਦਰ ਸਿੰਘ ਹੈਪੀ, ਸਟੇਜ ਸੈਕਟਰੀ ਬਲਵਿੰਦਰ ਸਿੰਘ, ਦਲਜੀਤ ਸਿੰਘ, ਕਰਮਜੀਤ ਸਿੰਘ ਤਾਜਪੁਰ ਹਰਦੀਪ ਸਿੰਘ ਦੀਪ, ਸਹਿਜਪ੍ਰੀਤ ਸਿੰਘ, ਮਨਜੀਤ



ਸਿੰਘ, ਸਰਪੰਚ ਬਲਜੀਤ ਸਿੰਘ ਝੱਜ ਮੋਟਰ ਵਾਲੇ, ਰੀਮਲਪ੍ਰੀਤ ਸਿੰਘ, ਡਾ. ਜਸਵੀਰ ਸਿੰਘ, ਪਰਮਜੀਤ ਸਿੰਘ ਪੰਮੀ, ਆਕਾਸ਼ਦੀਪ ਬੋਪਾਰਾਏ ਸਟੂਡੀਓ, ਨਵਨੀਤ ਸਿੰਘ ਨੀਤਾ ਬੋਪਾਰਾਏ ਸਾਊਂਡ ਸਰਵਿਸ, ਗਗਨਦੀਪ ਸਿੰਘ ਸੋਮਲ, ਦਲਜੀਤ ਸਿੰਘ ਰਿੰਕ, ਲੰਬੜਦਾਰ ਟਿੰਕੂ ਪੰਮੀ ਸਾਊਂਡ ਸਰਵਿਸ, ਸੁਮਨਦੀਪ ਸਿੰਘ ਸੋਮਲ ਆਦਿ ਹਾਜ਼ਰ ਸਨ।

# ਟਰੱਕ ਦੇ ਪਿੱਛੇ ਕਾਰ ਵੱਜ ਕੇ ਬੈਕਾਬੂ ਹੋ ਕੇ ਡਿਵਾਈਡਰ ਤੇ ਚੜ੍ਹ ਪਲਟੀਆਂ ਖਾਂਦੀ ਸੜਕ ਦੇ ਦੂਜੇ ਪਾਸੇ ਜਾ ਡਿੱਗੀ

## ਤਿੰਨ ਕਾਰ ਸਵਾਰ ਫੱਟੜ, ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ,ਜਾਨੀ ਨੁਕਸਾਨ ਦਾ ਬਚਾਅ,ਵੱਡਾ ਹਾਦਸਾ ਹੋਣੋ ਟਲਿਆ

**ਨਵਾਂਸ਼ਹਿਰ /ਕਾਠਗੜ੍ਹ 17 ਮਈ(ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਕਮਾਲਪੁਰ ਦੇ ਕੱਟ ਤੋਂ ਥੋੜ੍ਹਾ ਜਿਹਾ ਅੱਗੇ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਟ੍ਰੋਲਰ ਰੂਮ ਤੋਂ ਸੂਚਨਾ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਤਰੁੰਤ ਜਾ ਕੇ ਦੇਖਿਆ ਕਿ ਇੱਕ ਟਰੱਕ ਜਿਸ ਦਾ ਨੰਬਰ ਪੀ ਬੀ 65 ਏ ਆਰ 3148 ਜਿਸ ਮੋਹਨ ਲਾਲ ਪੁੱਤਰ ਸ਼ੇਖਰ ਚੰਦ ਨੂੰ ਚਲਾ ਰਿਹਾ ਸੀ ।ਇਹ ਟਰੱਕ ਰੋਪੜ੍ਹ ਸਾਇਡ ਤੋਂ ਬਲਾਚੌਰ ਜਾ ਰਿਹਾ ਇਸ ਦੇ ਮਗਰ ਇੱਕ ਕਾਰ ਜਿਸ ਦਾ ਨੰਬਰ ਸੀ ਐਚ 01 ਸੀ ਐਚ 0094 ਜਿਸ ਨੂੰ ਸਤਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਅੰਮ੍ਰਿਤਸਰ ਚਲਾ ਰਿਹਾ ਸੀ ਇਹ ਰੋਪੜ੍ਹ ਤੋਂ ਬਲਾਚੌਰ ਸਾਈਡ ਰਹੀ ਸੀ ਜਦੋਂ ਇਹ ਕਾਰ ਕਮਾਲਪੁਰ ਦੇ ਕੱਟ ਤੋਂ ਥੋੜ੍ਹਾ ਜਿਹਾ ਅੱਗੇ ਪਹੁੰਚੀ ਤਾਂ ਅਚਾਨਕ ਕਾਰ ਦਾ ਸਤੁੰਨਲ ਵਿਗੜ ਜਿਸ ਨਾਲ ਕਾਰ ਅੱਗੇ ਜਾ ਰਹੇ ਟਰੱਕ ਦੇ ਪਿੱਛੇ ਜਾ ਵੱਜੀ ਜਿਸ ਨਾਲ ਕਾਰ ਬੈਕਾਬੂ ਹੋ ਕੇ



ਡਿਵਾਈਡਰ ਤੇ ਚੜ੍ਹ ਕੇ ਪਲਟੀਆਂ ਖਾਂਦੀ ਦੂਸਰੇ ਪਾਸੇ ਜਾ ਕੇ ਰੈਲਿੰਗ ਵਿੱਚ ਵੱਜ ਕੇ ਰੁਕ ਗਈ ਅਤੇ ਕਾਰ ਵਿੱਚ ਸਵਾਰ ਤਿੰਨ ਲੋਕ ਜਖਮੀ ਹੋ ਗਏ ਜਿਨ੍ਹਾਂ ਨੂੰ ਐਸ ਐਸ



ਟੀਮ ਨੇ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਰਾਹੀ ਇਲਾਜ਼ ਲਈ ਬਲਾਚੌਰ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਹਾਦਸੇ ਵਿੱਚ ਕਾਰ ਬੁਰੀ ਤਰ੍ਹਾਂ ਨਾਲ



ਨੁਕਸਾਨੀ ਗਈ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਅਤੇ ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਨਾਲ ਕਾਰ ਨੂੰ ਸਾਇਡ ਤੇ



ਕਰਵਾ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ। ਹਾਦਸੇ ਦੀ ਸੂਚਨਾ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਥਾਣਾ ਕਾਠਗੜ੍ਹ ਨੂੰ ਦੇ ਦਿੱਤੀ ਗਈ ਹੈ।

# ਸਿਮਰਨ ਨੇ 12 ਵੀ ਕਲਾਸ ਵਿੱਚੋਂ 94.4% ਨੰਬਰ ਲੈ ਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ

**ਨਵਾਂਸ਼ਹਿਰ 17 ਮਈ(ਜਤਿੰਦਰ ਪਾਲ ਸਿੰਘ ਕਲੇਰ )** ਸਿਮਰਨ ਪੁੱਤਰੀ ਮੋਹਨ ਲਾਲ ਕਾਲਸ ਪਿੰਡ ਚਾਂਦਪੁਰ ਰੁੜਕੀ ਬਾਰਵੀਂ ਕਲਾਸ ਨੰਬਰ ਹਵਿੱਚੋਂ 94.4% ਨੰਬਰ ਹਾਸਲ ਕੀਤੇ ਹਨ। ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰ ਸਪੋਰਟਸ ਕਲੱਬ ਵਲੋਂ ਅਤੇ ਪਿੰਡ ਵੱਲੋਂ ਸਿਮਰਨ ਨੂੰ ਬਹੁਤ ਬਹੁਤ ਵਧਾਈਆਂ ਜਾਣਕਾਰੀ ਦਿੰਦੇ ਰਜਿੰਦਰ ਸਿੰਘ ਸੀ ਆਰ ਪੀ ਐਫ ਨੇ ਦੱਸਿਆਂ ਕਿ ਸਾਨੂੰ ਅਜਿਹੇ ਬੱਚਿਆਂ ਦਾ ਮਾਨ ਸਨਮਾਨ ਕਰਨਾ ਚਾਹੀਦਾ ਜੋ ਕਿ ਪੜ੍ਹਾਈ ਵਿੱਚ



ਵਧੀਆ ਨੰਬਰ ਲੈਂਦੇ ਹਨ ਇਸ ਦੇ ਨਾਲ ਬੱਚਿਆਂ ਦਾ ਪੜ੍ਹਾਈ ਵਿੱਚ ਹੋਰ ਮਨ ਲੱਗੇਗਾ ਤੇ ਬੱਚਿਆਂ ਦਾ ਹੋਰ ਵੀ ਹੌਂਸਲਾ ਬੁਲੰਦ ਹੋਵੇਗਾ। ਹਰ ਪਿੰਡ ਸ਼ਹਿਰ ਚ ਅਜੇ ਬੱਚਿਆਂ ਦਾ ਮਾਨ ਸਮਾਨ ਹੋਣਾ ਚਾਹੀਦਾ ਤਾਂ ਜੋ ਬੱਚਿਆਂ ਦੀ ਪੜ੍ਹਾਈ ਵੱਲ ਰੁਚੀ ਵਧੇ ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਪੜ੍ਹਾਈ ਮਾਨ ਲਗਾ ਕੇ ਕੀਤੀ ਜਾਵੇ ਤਾਂ ਜੋ ਅੱਗੇ ਆਉਣ ਵਾਲੇ ਸਮੇਂ ਵਿੱਚ ਆਪਣੀ ਲਾਈਫ ਦੇ ਵਿੱਚ ਬੱਚੇ ਸੈੱਟ ਹੋ ਸਕਣ। ਪੜ੍ਹਾਈ ਇੱਕ ਅਜਿਹਾ ਚਾਨਣ ਹੈ ਜੋ ਕਿ ਤੁਹਾਡੀ ਜ਼ਿੰਦਗੀ ਦੇ ਵਿੱਚ ਕਦੇ ਵੀ ਹਨੇਰਾ ਨਹੀਂ ਆਣ ਦੇਵੇਗਾ।

## ਏਸ ਰੋਗ ਤੋਂ ਬਚ ਕੇ ਰਹੀਏ



ਹਉਮੈਂ ਦਾ ਕੀੜਾ ,
ਜਿਹੜੇ ਸਖ਼ਸ਼ ਨੂੰ ,
ਡੰਗ ਜਾਵੇ ।
ਕਹਿੰਦਾ ਮੇਰੇ ਹੁੰਦਿਆਂ,
ਗਲ਼ੀ 'ਚ ਕਿਹੜਾ ,
ਖੰਘ ਜਾਵੇ ।
ਮੁੱਲ ਦੀ ਲਵਾਈ ,
ਉਹ ਸਹੇੜੇ ,
ਦਿਨ ਰਾਤੀਂ ;
ਜ਼ਿਆਦਾ ਸਮਾਂ ,
ਥਾਣਿਆਂ ਕਚਹਿਰੀਆਂ 'ਚ ,
ਲੰਘ ਜਾਵੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ -9914836037**

## ਹਿੰਮਤ ਹੈ ਤਾਂ

ਹਿੰਮਤ ਹੈ ਤਾਂ ਆਪਣਾ ਬਚਪਨ
ਵਾਪਸ ਬੁਲਾ ਕੇ ਦਿਖਾਓ।
ਹਿੰਮਤ ਹੈ ਤਾਂ ਆਪਣਾ ਬੁਢਾਪਾ
ਦੂਰ ਭਜਾ ਕੇ ਦਿਖਾਓ।
ਹਿੰਮਤ ਹੈ ਤਾਂ ਗੁਜਰਿਆ ਸਮਾਂ
ਵਾਪਸ ਬੁਲਾ ਕੇ ਦਿਖਾਓ।
ਹਿੰਮਤ ਹੈ ਤਾਂ ਇਸ ਧਰਤੀ ਨੂੰ
ਭੁਚਾਲ ਦੀ ਤਰ੍ਹਾਂ ਹਿਲਾ ਕੇ ਦਿਖਾਓ।
ਹਿੰਮਤ ਹੈ ਤਾਂ ਆਸਮਾਨ ਦੇ
ਤਾਰੇ ਤੁਸੀਂ ਤੋੜ ਕੇ ਦਿਖਾਓ।
ਹਿੰਮਤ ਹੈ ਤਾਂ ਮਰੇ ਹੋਏ ਬੰਦੇ ਨੂੰ
ਮੁੜ ਕੇ ਜਿਉਂਦਾ ਕਰਕੇ ਦਿਖਾਓ।
ਹਿੰਮਤ ਹੈ ਤਾਂ ਸੱਚ ਤੇ ਚਲਦੇ ਹੋਏ
ਰਾਜਾ ਹਰੀਸ਼ ਚੰਦਰ ਬਣ ਕੇ ਦਿਖਾਓ।
ਹਿੰਮਤ ਹੈ ਤਾਂ ਸਰਵਣ ਕੁਮਾਰ ਦੀ ਤਰ੍ਹਾਂ
ਮਾਪਿਆਂ ਦੀ ਸੇਵਾ ਕਰਕੇ ਦਿਖਾਓ।
ਹਿੰਮਤ ਹੈ ਤਾਂ ਸ੍ਰੀ ਕ੍ਰਿਸ਼ਨ ਜੀ ਦੀ
ਗੀਤਾ ਮੁੜ ਕੇ ਲਿਖ ਕੇ ਦਿਖਾਓ।
ਹਿੰਮਤ ਹੈ ਤਾਂ ਮੀਰਾ ਬਾਈ ਦੀ ਤਰ੍ਹਾਂ
ਕ੍ਰਿਸ਼ਨ ਪ੍ਰੇਮ ਵਿੱਚ ਜਹਿਰ ਪੀ ਕੇ ਦਿਖਾਓ।
ਹਿੰਮਤ ਹੈ ਤਾਂ ਸੰਸਾਰ ਦੇ ਯੁੱਧਾਂ ਨੂੰ
ਬੰਦ ਕਰਕੇ ਦਿਖਾਓ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਈਲ 94 16 35 90 45**

## ਕਵਿਤਾ

ਚਰਖ਼ਾ
ਓ ਮੇਰਿਆ ਸੋਣਿਆ ਰੱਬਾ,
ਕੋਈ ਹੋਰ ਨਾ ਹੋਇਆ ਤੇਰੇ ਵਰਗਾ।

ਵੰਗਾਂ
ਤੇਰੀ ਸਿਵਾ ਦੁਨੀਆਂ ਵਿੱਚੋਂ,
ਮੈਨੂੰ ਹੋਰ ਨਾ ਲੱਗੇ ਕੋਈ ਚੰਗਾ।

ਤਾਰੇ
ਮੈਨੂੰ ਸਾਰੀ ਦੁਨੀਆਂ ਵਿੱਚੋਂ,
ਸੋਹਣੇ ਲੱਗਦੇ ਭਰਾ ਮੇਰੇ ਪਿਆਰੇ।

ਗਾਣਾ
ਬਾਬੁਲ ਤੇਰੇ ਮਹਿਲਾਂ ਵਿੱਚੋਂ,
ਅੱਜ ਕੱਲ੍ਹਿਆਂ ਅੱਸੀ ਤੁਰ ਜਾਣਾ।

ਟਿੱਕਾ
ਬਾਬੁਲ ਤੇਰੇ ਵੇਹੜੇ ਦੀਆਂ,
ਯਾਦਾਂ ਤੋਂ ਕੱਲ੍ਹਿਆਂ ਕੀਤਾ।

ਵਾਲੀਆਂ
ਮਾਂ ਓ ਤੇਰੀ ਹਰ ਪਾਸੇ,
ਦਿਸਦੀਆਂ ਨੇ ਪਰਛਾਈਆਂ।

ਛੱਲੀਆਂ
ਗਲ ਲਾਕੇ ਬਾਬੁਲ ਨੇ ਮੈਨੂੰ,
ਤੋਰ ਦਿੱਤਾ ਮੈਨੂੰ ਕੱਲ੍ਹਿਆਂ।

ਡੋਲੀ
ਸਾਰਿਆਂ ਨੂੰ ਮੈਂ ਵੇਖ ਲਵਾਂ,
ਹੌਲੀ-ਹੌਲੀ ਲੈ ਚੱਲੋ ਕਹਾਰੋ ਮੇਰੀ ਡੋਲੀ।



**ਕਮਲ ਭਾਸਕਰ
ਜਲੰਧਰ
ਸੰਪਰਕ-9464252911**

## ਮਾਹੀਏ

ਕੁੱਝ ਮੂੰਹੋਂ ਵੀ ਬੋਲ ਸੱਜਣਾ
ਮੇਰੇ ਮੁਕੱਦਰ ਦੀ
ਪੱਤਰੀ ਵੀ ਤਾਂ ਖ਼ੋਲ ਸੱਜਣਾ
--
ਦੇਖਣ ਨੂੰ ਤਾਂ ਸਾਇਆ ਏ
ਪਰ ਜਾਲ ਸੁਨਹਿਰੀ ਜਿਹਾ
ਉਹਦੀ ਜ਼ੁਲਫਾਂ ਵਿਛਾਇਆ ਏ
--
ਫੁੱਲਾਂ ਤੋਂ ਚੰਗੇਰੀ ਏ
'ਤੇ ਨਾਲੇ ਪੋਨੇ ਗੰਨੇ ਦੀ
ਬੜੀ ਮਿੱਠੜੀ ਗੰਡੇਰੀ ਏ
--
ਇਹ ਜੱਗ ਦੇ ਤਮਾਸ਼ੇ ਨੇ
ਜੋ ਦਿਨ ਬੀਤ ਗਏ
ਮੁੜ ਕਿਸ ਨੇ ਤਲਾਸ਼ੇ ਨੇ
---
ਟੁੱਟੇ ਦਿਲ ਦਾ 'ਫਸਾਨਾ ਏ
ਚਾਹਤ ਆਪਣੀ ਦਾ
ਇਹ ਕੈਸਾ ਯਾਰਾਨਾ ਏ
--
ਦੁੱਖਾਂ ਦਰਦਾਂ ਦੇ ਮੇਲੇ ਨੇ
ਲੋਕ ਬੜੇ ਪਰੇਸ਼ਾਨ ਨੇ
ਦੁਨੀਆ ਦੇ ਝਮੇਲੇ ਨੇ
---
ਪੱਤਣਾਂ 'ਤੇ ਜੋ ਰਹਿੰਦੇ ਨੇ
ਦਰਿਆ ਦੇ ਥਪੇੜਿਆਂ ਨੂੰ
ਖ਼ੁਸ਼ ਹੋ ਕੇ ਸਹਿੰਦੇ ਨੇ
--
ਅੱਖਾਂ 'ਚ ਪਾਣੀ ਏ
ਹਿਜਰ ਤੇਰੇ 'ਚ ਸੋਹਣਿਆ
ਰਹਿੰਦੀ ਉਮਰ ਬਿਤਾਉਣੀ ਏ
---
ਇੱਕ ਘੁੰਮਣ-ਗੇਰੀ ਏ
ਨਾਂਅ ਜੀਹਦਾ ਹੈ ਦੁਨੀਆ
ਉਹ ਨਾ ਤੇਰੀ ਨਾ ਮੇਰੀ ਏ
--
ਰੰਗੀਨ ਗ਼ੁਬਾਰੇ ਨੇ
ਸੁੱਖ ਸਾਰੇ ਤੇਰੇ ਸਾਥੀਆ
ਦੁੱਖ ਮੇਰੇ ਸਹਾਰੇ ਨੇ



**ਸੁਰਜੀਤ ਸਿੰਘ ਭੁੱਲਰ**




# ਐਨ.ਆਰ.ਆਈ ਡਾ. ਸਤੀਸ਼ ਨੇ ਸਕੂਲ ਨੂੰ ਚਾਰ ਕੰਪਿਊਟਰ, ਇੱਕ ਜਨਰੇਟਰ ਅਤੇ ਇੱਕ ਸ਼ੈੱਡ ਦਾਨ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਬੱਸੀ ਕਲਾਂ ਪਿੰਡ ਦੇ ਵਸਨੀਕ ਅਤੇ ਸਰਕਾਰੀ ਸਕੂਲ, ਬੱਸੀ ਕਲਾਂ ਦੇ ਵਿਦਿਆਰਥੀ ਡਾ. ਸਤੀਸ਼ ਕੁਮਾਰ ਚੱਢਾ, ਜੋ ਇਸ ਸਮੇਂ ਕੈਨੇਡਾ ਵਿੱਚ ਰਹਿੰਦੇ ਹਨ, ਨੇ ਸਕੂਲ ਨੂੰ ਇੱਕ ਜਨਰੇਟਰ ਅਤੇ ਚਾਰ ਕੰਪਿਊਟਰ ਦਾਨ ਕੀਤੇ। ਉਨ੍ਹਾਂ ਦੀ ਭੈਣ, ਸੁਮਨ ਚੱਢਾ ਨੇ ਉਨ੍ਹਾਂ ਵੱਲੋਂ ਇਹ ਚੀਜ਼ਾਂ ਭੇਟ ਕੀਤੀਆਂ। ਡਾ. ਸਤੀਸ਼ ਦੇ ਕਰੀਬੀ ਦੋਸਤ ਅਤੇ ਸਹਿਪਾਠੀ, ਸਾਬਕਾ ਕੌਂਸਲਰ ਸੁਦਰਸ਼ਨ ਧੀਰ ਵੀ ਇਸ ਮੌਕੇ 'ਤੇ ਮੌਜੂਦ ਸਨ। ਇਸ ਮੌਕੇ 'ਤੇ ਸ਼੍ਰੀ ਧੀਰ ਨੇ ਡਾ. ਸਤੀਸ਼ ਦਾ ਉਨ੍ਹਾਂ ਦੇ ਪਿੰਡ ਅਤੇ ਸਕੂਲ ਨਾਲ ਵਿਸ਼ੇਸ਼ ਸਬੰਧ ਅਤੇ ਸਕੂਲ ਅਤੇ ਇਸਦੇ ਬੱਚਿਆਂ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਯਤਨਾਂ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਇੰਗਲੈਂਡ ਵਿੱਚ ਰਹਿਣ ਵਾਲੇ ਡਾ. ਸਤੀਸ਼ ਦੀ ਭੈਣ, ਸੁਮਨ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਦੇਸ਼ ਵਿੱਚ ਰਹਿਣ ਦੇ ਬਾਵਜੂਦ ਉਨ੍ਹਾਂ ਨੂੰ ਆਪਣੇ ਪਿੰਡ ਅਤੇ ਮਿੱਟੀ ਨਾਲ ਜੋੜੀ ਰੱਖਿਆ। ਉਨ੍ਹਾਂ ਕਿਹਾ ਕਿ ਡਾ. ਸਤੀਸ਼, ਉਨ੍ਹਾਂ ਦੀ ਪਤਨੀ ਇੰਦਰਾ ਚੱਢਾ ਅਤੇ ਪਰਿਵਾਰਕ ਮੈਂਬਰਾਂ ਨੇ ਇਹ ਚੀਜ਼ਾਂ ਆਪਣੇ ਮਾਪਿਆਂ, ਕਮਲਾ ਦੇਵੀ ਚੱਢਾ ਅਤੇ ਨੌਹਰੀਆ ਰਾਮ ਚੱਢਾ ਦੀ ਯਾਦ ਵਿੱਚ ਸਮਰਪਿਤ ਕੀਤੀਆਂ। ਉਨ੍ਹਾਂ ਨੇ ਬੱਚਿਆਂ ਦੇ ਸਾਈਕਲਾਂ ਨੂੰ ਸੂਰਜ ਤੋਂ ਬਚਾਉਣ ਲਈ ਇੱਕ ਸਾਈਕਲ ਸ਼ੈੱਡ ਵੀ



ਬਣਾਇਆ। ਸ਼੍ਰੀ ਧੀਰ ਨੇ ਅੱਗੇ ਕਿਹਾ ਕਿ ਡਾ. ਸਤੀਸ਼ ਨੇ ਬੱਚਿਆਂ ਨੂੰ ਆਪਣੇ ਸੰਦੇਸ਼ ਵਿੱਚ ਕਿਹਾ ਕਿ ਜੋ ਬੱਚੇ ਪੜ੍ਹਾਈ ਅਤੇ ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਦੇ ਹਨ, ਉਹ ਜ਼ਿੰਦਗੀ ਵਿੱਚ ਸਫਲ ਹੁੰਦੇ ਹਨ, ਅਤੇ ਜੋ ਵੀ ਬੱਚਾ ਪੜ੍ਹਾਈ ਰਾਹੀਂ ਸਕੂਲ ਅਤੇ ਪਿੰਡ ਦਾ ਨਾਮ ਰੌਸ਼ਨ ਕਰਦਾ ਹੈ, ਉਸਨੂੰ ਸਨਮਾਨਿਤ ਕੀਤਾ ਜਾਵੇਗਾ। ਸ਼੍ਰੀ ਧੀਰ ਨੇ ਅੱਗੇ ਕਿਹਾ ਕਿ ਸਮਾਰੋਹ ਦੌਰਾਨ ਸਕੂਲ ਪ੍ਰਿੰਸੀਪਲ ਜਤਿੰਦਰ ਸਿੰਘ ਨੇ ਭੈਣ ਸੁਮਨ ਚੱਢਾ, ਸੁਦਰਸ਼ਨ ਧੀਰ, ਪਰਿਵਾਰਕ ਮੈਂਬਰਾਂ ਤੁਲਸੀ ਰਾਮ ਅਤੇ ਮਨੋਜ ਕੁਮਾਰ ਦੇ ਨਾਲ ਸਨਮਾਨਿਤ ਕੀਤਾ ਅਤੇ ਚੱਢਾ ਪਰਿਵਾਰ ਦਾ ਧੰਨਵਾਦ ਕੀਤਾ। ਸ਼੍ਰੀ ਧੀਰ ਨੇ ਸਕੂਲ ਦੀਆਂ ਪ੍ਰਾਪਤੀਆਂ ਲਈ ਪ੍ਰਿੰਸੀਪਲ ਜਤਿੰਦਰ ਸਿੰਘ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ।

# ਚੋਣ ਆਬਜ਼ਰਵਰ ਨੇ ਐਸਬੀਐਸ ਨਗਰ ਵਿੱਚ ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ

### ਚੋਣਾਂ ਦੇ ਸ਼ਾਂਤੀਪੂਰਨ ਸੰਚਾਲਨ ਲਈ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਮੀਟਿੰਗ ਦੌਰਾਨ ਚੋਣ ਅਮਲੇ ਨਾਲ ਗੱਲਬਾਤ ਕਰਦਿਆਂ, ਆਬਜ਼ਰਵਰ ਨੇ ਸਾਰੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਚੋਣ ਫਰਜ਼ ਪੂਰੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਰਾਜ ਚੋਣ ਕਮਿਸ਼ਨ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਖ਼ਤੀ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ, ਆਬਜ਼ਰਵਰ ਨੇ ਵੋਟਾਂ ਵਾਲੇ ਦਿਨ ਵੋਟਰਾਂ ਲਈ ਕੀਤੇ ਗਏ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੋਟਰ ਬਿਨਾਂ ਕਿਸੇ ਅਸੁਵਿਧਾ ਦੇ ਆਪਣੇ ਵੋਟ ਦੇ ਅਧਿਕਾਰ ਦੀ



ਵਰਤੋਂ ਕਰ ਸਕਣ ਲਈ ਲੋੜੀਂਦੀਆਂ ਸਹੂਲਤਾਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਪੋਲਿੰਗ ਸਟੇਸ਼ਨਾਂ 'ਤੇ ਸੁਰੱਖਿਆ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ ਅਤੇ ਪੁਲਿਸ ਅਧਿਕਾਰੀਆਂ ਨੂੰ ਚੋਣਾਂ ਦੇ ਸ਼ਾਂਤੀਪੂਰਨ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ। ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਦੇ ਨਾਲ, ਆਬਜ਼ਰਵਰ ਨੇ ਦੱਸਿਆ ਕਿ ਨਗਰ ਕੌਂਸਲ ਨਵਾਂਸ਼ਹਿਰ ਦੇ 19 ਵਾਰਡਾਂ, ਨਗਰ ਕੌਂਸਲ ਰਾਹੋਂ ਦੇ 13 ਵਾਰਡਾਂ ਅਤੇ ਨਗਰ ਕੌਂਸਲ ਬੰਗਾ ਦੇ 15 ਵਾਰਡਾਂ ਲਈ ਚੋਣਾਂ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ 26 ਮਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 29 ਮਈ ਨੂੰ ਨਿਰਧਾਰਤ ਗਿਣਤੀ ਕੇਂਦਰਾਂ 'ਤੇ ਕੀਤੀ ਜਾਵੇਗੀ।

# ਪਰਮਾਤਮਾ ਦੇ ਸਿਮਰਨ ਨਾਲ ਹੀ ਆਤਮਾ ਬ੍ਰਹਮ ਗੁਣਾਂ ਨੂੰ ਪ੍ਰਾਪਤ ਕਰਦੀ ਹੈ - ਅਜੀਤ ਭਾਈ

**ਬੰਗਾ (ਚਰਨਜੀਤ ਸੱਲ੍ਹਾ):-** ਸਿਰਫ਼ ਪਰਮਾਤਮਾ ਦੇ ਸਿਮਰਨ ਨਾਲ ਹੀ ਆਤਮਾ ਬ੍ਰਹਮ ਗੁਣਾਂ ਅਤੇ ਸ਼ਕਤੀਆਂ ਨੂੰ ਪ੍ਰਾਪਤ ਕਰਦੀ ਹੈ, ਅਤੇ ਸਾਡਾ ਆਤਮਵਿਸ਼ਵਾਸ ਵਧਦਾ ਹੈ ਕਿਉਂਕਿ ਪਰਮਾਤਮਾ ਸਾਰੀਆਂ ਮਨੁੱਖੀ ਆਤਮਾਵਾਂ ਦਾ ਪਰਮ ਪਿਤਾ ਹੈ। ਅਜੀਤ ਭਾਈ ਨੇ ਬੰਗਾ ਵਿੱਚ ਪ੍ਰਜਾਪਤੀ ਬ੍ਰਹਮਾ ਕੁਮਾਰੀ ਈਸ਼ਵਰੀਆ ਵਿਸ਼ਵਵਿਦਿਆਲਾ ਸ਼ਾਖਾ ਵਿੱਚ ਇਹ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਚੇਤਨਾ ਅਤੇ ਅਨੰਦ ਦੇ ਰੂਪ ਹਾਂ, ਪਰ ਅੱਜ ਅਸੀਂ ਆਪਣੇ ਅਸਲ ਸੁਭਾਅ ਨੂੰ ਭੁੱਲ ਗਏ ਹਾਂ। ਜਦੋਂ ਭਗਵਾਨ ਸ਼ਿਵ ਧਰਤੀ 'ਤੇ ਆਉਂਦੇ ਹਨ, ਤਾਂ ਅਸੀਂ ਇਸਨੂੰ ਮਹਾਂਸ਼ਿਵਰਾਤਰੀ ਨਾਲ ਮਨਾਉਂਦੇ ਹਾਂ। ਬ੍ਰਹਮਾ ਕੁਮਾਰੀਆਂ ਸ਼ਾਂਤੀ, ਖੁਸ਼ੀ ਅਤੇ ਅਨੰਦ ਵਿੱਚ ਕਿਵੇਂ ਰਹਿਣਾ ਹੈ ਦੇ ਅਧਿਆਤਮਿਕ ਭੇਦ ਸਿਖਾਉਂਦੀਆਂ ਹਨ। ਸਾਨੂੰ ਆਪਣੇ ਅੰਦਰ ਅੰਮ੍ਰਿਤ ਨੂੰ ਰਿੜਕਣਾ ਚਾਹੀਦਾ ਹੈ, ਅਤੇ ਰਿੜਕਣ ਤੋਂ



ਬਾਅਦ, ਜ਼ਹਿਰ ਨੂੰ ਤਿਆਗਣਾ ਚਾਹੀਦਾ ਹੈ ਅਤੇ ਅੰਮ੍ਰਿਤ ਨੂੰ ਗਲੇ ਲਗਾਉਣਾ ਚਾਹੀਦਾ ਹੈ। ਜਦੋਂ ਹਰ ਕੋਈ ਅੰਮ੍ਰਿਤ ਨੂੰ ਗਲੇ ਲਗਾਉਂਦਾ ਹੈ, ਤਾਂ ਜਲਦੀ ਹੀ ਇਸ ਧਰਤੀ 'ਤੇ ਇੱਕ ਸੁਨਹਿਰੀ ਯੁੱਗ ਆਵੇਗਾ। ਉਹਨਾਂ ਕਿਹਾ ਕਿ ਨਿੱਜੀ ਤੌਰ 'ਤੇ ਆਪਣੇ ਜੀਵਨ ਵਿੱਚ ਪਰਮ ਪਿਤਾ, ਪਰਮ ਆਤਮਾ ਦਾ ਬ੍ਰਹਮ ਅਨੁਭਵ ਅਨੁਭਵ ਕੀਤਾ ਹੈ। ਉਹਨਾਂ ਕਿਹਾ ਕਿ ਹਰ ਪਲ ਆਪਣੇ ਨਾਲ ਉਸਦੀ ਮੌਜੂਦਗੀ ਮਹਿਸੂਸ ਕਰਦਾ ਹਾਂ। ਸਾਨੂੰ ਅੱਜ ਸਵੇਰੇ 3:30 ਵਜੇ ਬ੍ਰਹਮ ਮੁਹੂਰਤ ਵਿੱਚ ਭਗਵਾਨ ਸ਼ਿਵ ਦੀ ਹਾਜ਼ਰੀ ਵਿੱਚ ਇੱਕ ਘੰਟੇ ਲਈ ਉਨ੍ਹਾਂ ਦਾ ਧਿਆਨ ਕਰਨਾ ਚਾਹੀਦਾ ਹੈ। ਤੁਸੀਂ ਵੀ ਇਸ ਮਹਾਂਸ਼ਿਵਰਾਤਰੀ ਦੇ ਅਧਿਆਤਮਿਕ ਭੇਦਾਂ ਨੂੰ ਸਮਝ ਸਕਦੇ ਹੋ ਅਤੇ ਆਪਣੇ ਜੀਵਨ ਵਿੱਚ ਖੁਸ਼ੀ ਅਤੇ ਸ਼ਾਂਤੀ ਲਿਆ ਸਕਦੇ ਹੋ। ਇਸ ਮੌਕੇ ਯਸ਼ਪਾਲ ਖੁਰਾਣਾ, ਸ਼ੋਨੀਆ ਮਾਹਿਰਾ, ਸੁਭਾਸ਼ ਮਾਹਿਰਾ, ਗਿਆਨ ਚੰਦ ਸਲਾਨ ਅਤੇ ਹੋਰ ਵੀ ਮੌਜੂਦ ਸਨ।

# ਸਿੱਖ ਨੈਸ਼ਨਲ ਕਾਲਜੀਏਟ ਸਕੂਲ ਬੰਗਾ ਦੇ ਕਾਮਰਸ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ +2 ਜਮਾਤ ਦੀ ਪ੍ਰੀਖਿਆ ਦੇ ਨਤੀਜਿਆਂ ਵਿਚ ਸਿੱਖ ਨੈਸ਼ਨਲ ਕਾਲਜੀਏਟ ਸਕੂਲ ਬੰਗਾ ਦੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ। ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸਕੂਲ ਇੰਚਾਰਜ ਸ੍ਰੀ ਜਤਿੰਦਰ ਮੋਹਨ ਦੀ ਯੋਗ ਅਗਵਾਈ ਸਦਕਾ ਸਕੂਲ ਦੀਆਂ ਤਿੰਨੋਂ ਸਟਰੀਮ (ਕਾਮਰਸ, ਆਰਟਸ ਅਤੇ ਸਾਇੰਸ) ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਨੇ ਸਭ ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਕਾਮਰਸ ਵਿਚੋਂ ਗੁਰਸਿਮਰਨ ਕੌਰ ਨੇ 94.8%, ਸੁਖਦੀਪ ਕੌਰ ਨੇ 94.6%, ਈਸ਼ਾ ਗੋਸਲ ਨੇ 94% ਅਤੇ ਗੁਰਸਿੱਖ ਸਿੰਘ ਨੇ 92.4% ਅੰਕ ਹਾਸਲ ਕਰਕੇ ਸਕੂਲ ਦੇ "ਓਵਰਆਲ ਟੌਪਰਾਂ"



ਦਾ ਖਿਤਾਬ ਹਾਸਲ ਕੀਤਾ। ਇਸ ਦੇ ਨਾਲ ਹੀ ਵਿਦਿਆਰਥਣ ਰੁਪਿੰਦਰ ਕੌਰ ਨੇ ਫੰਡਾਮੈਂਟਲਸ ਆਫ਼ ਈ - ਬਿਜਨਸ ਵਿੱਚੋਂ 100/100 ਅੰਕ ਪ੍ਰਾਪਤ ਕੀਤੇ ਅਤੇ 90.2% ਲੈ ਕੇ ਜਮਾਤ ਵਿੱਚੋਂ ਪੰਜਵਾਂ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਨੇ ਇਸ ਨਤੀਜੇ ਦੀ ਖਾਸ ਸ਼ਲਾਘਾ ਕੀਤੀ। ਬਾਰ੍ਹਵੀਂ ਜਮਾਤ ਦੇ ਕਾਮਰਸ ਦੇ ਸਮੁੱਚੇ ਨਤੀਜੇ ਵਿੱਚੋਂ 30 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਹਾਸਲ ਕੀਤੇ ਹਨ। ਇਸ ਮੌਕੇ ਸਕੂਲ ਇੰਚਾਰਜ ਜਤਿੰਦਰ ਮੋਹਨ ਨੇ ਵਿਦਿਆਰਥੀਆਂ ਨੂੰ ਵਧੇਰੇ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਇਹ ਦੱਸਿਆ ਕਿ ਸਕੂਲ ਦਾ ਸਮੁੱਚਾ ਨਤੀਜਾ ਸਲਾਹੁਣਯੋਗ ਰਿਹਾ। ਇਸ ਮੌਕੇ ਪ੍ਰੋ. ਮੋਹਨ ਸਿੰਘ, ਪ੍ਰੋ. ਰੂਬੀ, ਪ੍ਰੋ. ਮਨਰਾਜ ਕੌਰ (ਕਲਾਸ ਇੰਚਾਰਜ ਕਾਮਰਸ), ਪ੍ਰੋ. ਪੂਜਾ ਰਾਣੀ, ਪ੍ਰੋ. ਗੁਰਿੰਦਰ ਕੌਰ, ਪ੍ਰੋ. ਮਨਜੀਤ ਕੌਰ, ਪ੍ਰੋ. ਮਨਮੀਤ ਕੌਰ, ਪ੍ਰੋ. ਸਿਮਰਨਪ੍ਰੀਤ ਕੌਰ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਆਟੋ ਵਰਕਰ ਯੂਨੀਅਨ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਵਿਰੁੱਧ ਮੁਜ਼ਾਹਰਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਨਿਊ ਆਟੋ ਵਰਕਰ ਯੂਨੀਅਨ ਨਵਾਂਸ਼ਹਿਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਵਿਰੁੱਧ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਕਲੇਰ, ਗੁਰਪ੍ਰੀਤ ਸਿੰਘ ਗੋਪੀ, ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ, ਇਲਾਕਾ ਪ੍ਰਧਾਨ ਕਿਰਨਜੀਤ ਕੌਰ ਨੇ ਕਿਹਾ ਕਿ ਮੋਦੀ ਸਰਕਾਰ ਹਰ ਤੀਜੇ ਦਿਨ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਕਾਰਪੋਰੇਟਾਂ ਦੀਆਂ ਤਿਜੋਰੀਆਂ ਭਰਨ ਦਾ ਕੰਮ ਕਰ ਰਹੀ ਹੈ ਅਤੇ ਆਮ ਲੋਕਾਂ ਦੀਆਂ ਜੇਬਾਂ ਕੱਟ ਰਹੀ ਹੈ। ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਜਨਤਾ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਵਿੱਚ ਕਟੌਤੀ ਕਰਨ ਦੇ ਮਸ਼ਵਰੇ ਦੇ ਰਹੇ ਹਨ। ਉਹਨਾਂ ਕਿਹਾ ਕਿ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਨਿੱਤ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਹੋਰ ਵੀ ਅਸਮਾਨੀ ਚੜ੍ਹ ਰਹੀਆਂ ਹਨ ਜਿਸ ਨਾਲ ਲੋਕਾਂ ਨੂੰ ਆਪਣਾ ਗੁਜ਼ਾਰਾ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਟਰਾਂਸਪੋਰਟ ਧੰਦੇ ਨਾਲ ਜੁੜੇ ਲੋਕ ਹੋਰ ਵੀ ਪ੍ਰੇਸ਼ਾਨ ਹੋ ਰਹੇ ਹਨ। ਉਹਨਾਂ ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਕੀਤਾ ਵਾਧਾ ਵਾਪਸ ਲੈਣ ਅਤੇ ਆਮ ਵਸਤਾਂ ਦੀਆਂ ਕੀਮਤਾਂ ਨੂੰ ਨੱਥ ਪਾਉਣ ਦੀ ਮੰਗ ਕੀਤੀ। ਇਸ ਮੌਕੇ ਕਮਲਜੀਤ ਸਿੰਘ, ਬਲਿਹਾਰ ਸਿੰਘ, ਪ੍ਰੇਮ ਸਿੰਘ ਸ਼ਹਾਬ ਪੁਰ ਅਤੇ ਸੁਰਿੰਦਰ ਮੀਰਪੁਰੀ ਆਗੂ ਵੀ ਮੌਜੂਦ ਸਨ।



# ਕੰਕਰੀਟ ਮਿਕਸਰ ਪਲਾਂਟ ਖ਼ਿਲਾਫ਼ ਧਰਨਾ 24ਵੇਂ ਦਿਨ ਵੀ ਜਾਰੀ, ਪਿੰਡ ਵਾਸੀਆਂ ਨੇ ਕਾਨੂੰਨੀ ਨੋਟਿਸਾਂ ਨੂੰ ਦੱਸਿਆ ਝੂਠਾ

**ਮੋਰਿੰਡਾ, 17 ਮਈ (ਸੁਖਵਿੰਦਰ ਸਿੰਘ ਹੈਪੀ)** – ਨੇੜਲੇ ਪਿੰਡ ਢੰਗਰਾਲੀ ਅਤੇ ਖੈਰਪੁਰ ਵਿੱਚ ਲੱਗ ਰਹੇ ਕੰਕਰੀਟ ਮਿਕਸਰ ਪਲਾਂਟ ਦੇ ਵਿਰੋਧ ਵਿੱਚ ਦਿੱਤਾ ਜਾ ਰਿਹਾ ਧਰਨਾ ਅੱਜ 24ਵੇਂ ਦਿਨ ਵੀ ਜਾਰੀ ਰਿਹਾ। ਧਰਨੇ ਵਿੱਚ ਪਿੰਡ ਵਾਸੀਆਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਵੀ ਸ਼ਮੂਲੀਅਤ ਕੀਤੀ। ਧਰਨਾਕਾਰੀਆਂ ਨੇ ਦੋਸ਼ ਲਗਾਇਆ ਕਿ ਕੰਕਰੀਟ ਪਲਾਂਟ ਦੇ ਮਾਲਕ ਕਰਮਜੀਤ ਸਿੰਘ ਵੱਲੋਂ ਗ੍ਰਾਮ ਪੰਚਾਇਤਾਂ ਅਤੇ ਪਿੰਡ ਵਾਸੀਆਂ ਨੂੰ ਝੂਠੀ ਜਾਣਕਾਰੀ ਦੇ ਆਧਾਰ 'ਤੇ ਕਾਨੂੰਨੀ ਨੋਟਿਸ ਭੇਜ ਕੇ ਧਰਨਾ ਚੁੱਕਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਨੋਟਿਸ ਵਿੱਚ ਧਰਨੇ ਕਾਰਨ ਪ੍ਰੋਜੈਕਟ ਨੂੰ 2 ਕਰੋੜ ਰੁਪਏ ਦੇ ਨੁਕਸਾਨ ਦੀ ਗੱਲ ਕਹੀ ਗਈ ਹੈ।

ਇਸ ਸਬੰਧੀ ਧਰਨਾ ਸਥਾਨ 'ਤੇ ਗ੍ਰਾਮ ਪੰਚਾਇਤ ਢੰਗਰਾਲੀ ਅਤੇ ਖੈਰਪੁਰ, ਸੰਘਰਸ਼ ਕਮੇਟੀ ਅਤੇ ਪਿੰਡ ਵਾਸੀਆਂ ਦੀ ਇਕ ਮੀਟਿੰਗ ਸਰਪੰਚ ਰਣਦੀਪ ਸਿੰਘ ਦੀਪੂ ਅਤੇ ਹਰਜਿੰਦਰ ਸਿੰਘ ਖੱਟੜਾ ਦੀ ਅਗਵਾਈ ਹੇਠ ਹੋਈ। ਮੀਟਿੰਗ ਤੋਂ ਬਾਅਦ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਕਾਨੂੰਨੀ ਨੋਟਿਸ ਵਿੱਚ ਗਲਤ ਅਤੇ ਭ੍ਰਮਿਤ ਕਰਨ ਵਾਲੀ ਜਾਣਕਾਰੀ ਦਿੱਤੀ ਗਈ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਨੋਟਿਸ ਵਿੱਚ ਇਹ ਲਿਖਿਆ ਗਿਆ ਹੈ ਕਿ ਧਰਨਾ ਪਲਾਂਟ ਵਾਲੀ ਜਗ੍ਹਾ 'ਤੇ ਲੱਗਿਆ ਹੋਇਆ ਹੈ, ਜਦਕਿ ਹਕੀਕਤ ਵਿੱਚ ਧਰਨਾ ਪਲਾਂਟ ਤੋਂ ਬਾਹਰ ਵੱਖਰੀ ਥਾਂ 'ਤੇ ਦਿੱਤਾ ਜਾ ਰਿਹਾ ਹੈ, ਜਿਸਦਾ ਪਲਾਂਟ ਨਾਲ ਕੋਈ ਸਿੱਧਾ ਸਬੰਧ ਨਹੀਂ। ਇਸ ਤੋਂ ਇਲਾਵਾ ਨੋਟਿਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਲਾਂਟ ਵਿੱਚ ਕੀਮਤੀ ਮਸ਼ੀਨਰੀ ਖੜੀ ਹੋਣ ਕਾਰਨ ਜੰਗ ਲੱਗਣ ਅਤੇ ਹੋਰ ਕਾਰਨਾਂ ਕਰਕੇ 2 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਜਦਕਿ ਧਰਨਾਕਾਰੀਆਂ ਅਨੁਸਾਰ 23 ਅਪ੍ਰੈਲ ਤੋਂ ਧਰਨਾ ਜਾਰੀ ਹੋਣ ਦੇ ਬਾਵਜੂਦ ਉਥੇ ਕੋਈ ਮਸ਼ੀਨਰੀ ਮੌਜੂਦ ਹੀ ਨਹੀਂ ਸੀ।

ਗ੍ਰਾਮ ਪੰਚਾਇਤਾਂ ਅਤੇ ਸੰਘਰਸ਼ ਕਮੇਟੀ ਨੇ ਦੋਸ਼ ਲਗਾਇਆ ਕਿ ਪਲਾਂਟ ਮਾਲਕ ਵੱਲੋਂ ਪਿੰਡ ਵਾਸੀਆਂ ਨੂੰ ਡਰਾਉਣ, ਧਮਕਾਉਣ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨ ਲਈ ਝੂਠੇ ਆਧਾਰ 'ਤੇ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕਿਸੇ ਵੀ ਪਿੰਡ ਵਾਸੀ ਨੂੰ ਮਾਨਸਿਕ ਜਾਂ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਪਲਾਂਟ ਮਾਲਕ ਕਰਮਜੀਤ ਸਿੰਘ ਦੁਭਾਲੀ ਦੀ ਹੋਵੇਗੀ।

ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਲਾਂਟ ਮਾਲਕ ਵੱਲੋਂ ਝੂਠੀ ਜਾਣਕਾਰੀ ਦੇ ਕੇ ਪ੍ਰਸ਼ਾਸਨ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਇਲਾਕੇ ਵਿੱਚ ਡਰ ਤੇ ਟਕਰਾਅ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਪਲਾਂਟ ਨੂੰ ਦਿੱਤੀਆਂ ਮਨਜ਼ੂਰੀਆਂ ਤੁਰੰਤ ਰੱਦ ਕਰਕੇ ਇਸ ਦੇ ਨਿਰਮਾਣ 'ਤੇ ਰੋਕ ਲਗਾਈ ਜਾਵੇ, ਨਹੀਂ ਤਾਂ ਭਵਿੱਖ ਵਿੱਚ ਟਕਰਾਅ ਦੀ ਸਥਿਤੀ ਪੈਦਾ ਹੋ ਸਕਦੀ ਹੈ। ਮੀਟਿੰਗ ਵਿੱਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਪਿੰਡ ਵਾਸੀਆਂ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿੱਚ ਕਾਨੂੰਨੀ ਰਾਇ ਲੈ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਅੱਜ ਦੇ ਧਰਨੇ ਵਿੱਚ ਬੀਬੀ ਅੰਮ੍ਰਿਤਪਾਲ ਕੌਰ ਬਾਠ ਅਤੇ ਕਮਲਜੀਤ ਕੌਰ ਖੱਟੜਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂ ਸਵਰਨ ਸਿੰਘ ਢੰਗਰਾਲੀ, ਲਖਬੀਰ ਸਿੰਘ, ਬਹਾਦਰ ਸਿੰਘ, ਰਣਜੀਤ ਸਿੰਘ ਰਾਣਾ, ਬਲਦੇਵ ਸਿੰਘ ਧਾਲੀਵਾਲ, ਸੱਜਣ ਸਿੰਘ, ਗੁਰਦੀਪ ਸਿੰਘ, ਰਣਜੋਧ ਸਿੰਘ, ਮੋਹਨ ਸਿੰਘ, ਗੁਰਦੇਵ ਸਿੰਘ, ਓਂਕਾਰ ਸਿੰਘ, ਸਰਮਜੀਤ ਸਿੰਘ ਰਾਣਾ, ਸੋਹਣ ਸਿੰਘ, ਤਰਲੋਚਨ ਸਿੰਘ, ਜਤਿੰਦਰ ਸਿੰਘ ਸਰਾਓ, ਹਰਮਿੰਦਰ ਸਿੰਘ ਕਾਕਾ, ਡਾ. ਸੁਖਵਿੰਦਰ ਪਾਲ ਸਿੰਘ, ਸਰਬਜੀਤ ਸਿੰਘ, ਮੋਹਣ ਸਿੰਘ ਸਰਾਓ, ਸਰਜੀਤ ਸਿੰਘ, ਅਮਰਜੀਤ ਸਿੰਘ ਸਰਾਓ, ਜੰਗਜੀਤ ਸਿੰਘ, ਚੰਦ ਸਿੰਘ, ਬਲਜੀਤ ਸਿੰਘ ਸਰਾਓ, ਕੁਲਵੰਤ ਸਿੰਘ, ਜੋਗਾ ਸਿੰਘ, ਜਸਵੰਤ ਸਿੰਘ ਸੀਟੂ, ਪ੍ਰਕਾਸ਼ ਸਿੰਘ, ਰਜਿੰਦਰ ਸਿੰਘ ਘੋਲਾ, ਗੁਰਮੀਤ ਸਿੰਘ ਗਾਂਧੀ, ਗੁਰਮੇਲ ਸਿੰਘ ਫੌਜੀ ਅਤੇ ਹਰਕੇਸ਼ ਸਿੰਘ ਸਮੇਤ ਕਈ ਪਿੰਡ ਵਾਸੀ ਹਾਜ਼ਰ ਸਨ।



# ਵਾਰਡ ਨੰਬਰ 7 ਤੋਂ ਆਪ ਉਮੀਦਵਾਰ ਸਰਬਜੀਤ ਕੌਰ ਨੇ ਚੋਣ ਦਫ਼ਤਰ ਖੋਲ੍ਹ ਕੇ ਤੇਜ਼ ਕੀਤੀਆਂ ਸਰਗਰਮੀਆਂ

**ਮੋਰਿੰਡਾ, 17 ਮਈ (ਸੁਖਵਿੰਦਰ ਸਿੰਘ ਹੈਪੀ)**– ਨਗਰ ਕੌਂਸਲ ਮੋਰਿੰਡਾ ਦੇ ਵਾਰਡ ਨੰਬਰ 7 (ਰਿਜ਼ਰਵ) ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬੀਬੀ ਸਰਬਜੀਤ ਕੌਰ ਪਤਨੀ ਸਤਵਿੰਦਰ ਸਿੰਘ ਸੱਤੀ ਨੇ ਅੱਜ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਕਰਕੇ ਚੋਣ ਸਰਗਰਮੀਆਂ ਨੂੰ ਹੋਰ ਤੇਜ਼ ਕਰ ਦਿੱਤਾ। ਚੋਣ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਚੋਣ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ ਅਤੇ ਗੁਰੂ ਸਾਹਿਬ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਉਪਰੰਤ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਚੋਣ ਦਫ਼ਤਰ ਦਾ ਉਦਘਾਟਨ ਕਰਦੇ ਹੋਏ ਸਰਬਜੀਤ ਕੌਰ ਨੂੰ ਪੂਰੀ ਹਮਾਇਤ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸੀਨੀਅਰ ਆਗੂ ਜਗਤਾਰ ਸਿੰਘ ਘੋਲਾ ਨੇ ਕਿਹਾ ਕਿ ਵਾਰਡ ਅੰਦਰ ਲੋਕਾਂ ਵੱਲੋਂ ਆਪ ਉਮੀਦਵਾਰ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਸਰਬਜੀਤ ਕੌਰ ਵੱਡੀ ਬਹੁਮਤ ਨਾਲ ਜਿੱਤ ਦਰਜ ਕਰਨਗੇ। ਇਸੇ ਦੌਰਾਨ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਸਾਬਕਾ ਕੌਂਸਲਰ ਬੀਬੀ ਚਰਨਜੀਤ ਕੌਰ ਅਤੇ ਸਾਬਕਾ ਐਮ.ਸੀ. ਬੀਬੀ ਸਤਵੰਤ ਕੌਰ ਨੇ ਵੀ ਸਰਬਜੀਤ ਕੌਰ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਆਗੂਆਂ ਨੇ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਬਜੀਤ ਕੌਰ ਨੂੰ ਜਿਤਾ ਕੇ ਹਲਕੇ ਦੇ ਵਿਕਾਸ ਲਈ ਵਿਧਾਇਕ ਡਾ. ਚਰਨਜੀਤ ਸਿੰਘ ਦੇ ਹੱਥ ਮਜ਼ਬੂਤ ਕਰਨ। ਵਿਧਾਇਕ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਪੂਰੇ ਹਲਕੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਅਤੇ ਵਲੰਟੀਅਰਾਂ ਵਿੱਚ ਭਾਰੀ ਜੋਸ਼ ਅਤੇ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਇਸ ਵਾਰ ਨਗਰ ਕੌਂਸਲ ਚੋਣਾਂ ਵਿੱਚ ਆਪ ਦੇ ਉਮੀਦਵਾਰ ਵੱਡੀ ਗਿਣਤੀ ਵਿੱਚ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਸੀਨੀਅਰ ਆਪ ਆਗੂ ਬੀਰ ਦਵਿੰਦਰ ਸਿੰਘ ਬੱਲਾਂ, ਨੰਬਰਦਾਰ ਅਮਰਜੀਤ ਸਿੰਘ, ਜਗਜੀਵਨ ਸਿੰਘ, ਦਸਮੇਸ਼ ਸਪੋਰਟਸ ਕਲੱਬ ਮੋਰਿੰਡਾ ਦੇ ਮੀਤ ਪ੍ਰਧਾਨ ਕ੍ਰਿਸ਼ਨ ਸਿੰਘ ਰਾਣਾ, ਸੁਖਵਿੰਦਰ ਸਿੰਘ ਸਮੇਤ ਕਈ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਹਾਜ਼ਰ ਸਨ।



# ਸਾਡੀ ਬੋਲੀ ਸਾਡਾ ਮਾਣ

ਕੱਲ੍ਹ ਐਡਿਲੀਡ ਵਿੱਚ ਸਾਡੇ ਮੇਜ਼ਬਾਨ ਨਾਲ ਛੋਟੀ ਜਿਹੀ ਮਿਲਣੀ ਨੇ ਮੈਨੂੰ ਬਹੁਤ ਕੁਝ ਦਿੱਤਾ। ਜੋ ਮੈਨੂੰ ਮਿਲਿਆ ਉਹ ਡਿਨਰ ਵਿਚਲੇ ਸ਼ਾਹੀ ਪਨੀਰ, ਦਾਲ ਮੱਖਣੀ, ਨਾਨ, ਸਲਾਦ ਅਤੇ ਸਪੈਸ਼ਲ ਗੁਲਾਬ ਜਾਮਣਾਂ ਨਾਲੋਂ ਕਿਤੇ ਅਨਮੋਲ ਹੈ। ਇਹ ਮਿਲਣੀ ਬਹੁਤ ਲਾਜਵਾਬ ਸੀ। ਆਸਟਰੇਲੀਆ ਸਮੇਤ ਬਾਹਰਲੇ ਕਈ ਮੁਲਕਾਂ ਵਿੱਚ ਤੁਸੀਂ ਆਪਣੀ ਗੱਡੀ ਲਈ ਰੂਟੀਨ ਦੀ ਸੀਰੀਜ਼ ਦੇ ਨੰਬਰਾਂ ਤੋਂ ਇਲਾਵਾ ਆਪਣੇ ਮਨਪਸੰਦ ਦੇ ਨੰਬਰ ਲੈ ਸਕਦੇ ਹੋ। ਜੋ ਵੱਧ ਤੋਂ ਵੱਧ ਸੱਤ/ਅੱਠ ਅੱਖਰਾਂ ਦਾ ਹੋ ਸਕਦਾ ਹੈ। ਜਿਸ ਲਈ ਵੱਖਰੀ ਫੀਸ ਭਰਨੀ ਪੈਂਦੀ ਹੈ। ਲੋਕ ਆਪਣੀ ਜਾਤ, ਮਾਤਾ, ਪਿਤਾ, ਬੱਚਿਆਂ ਦੇ ਨਾਮ ਤੋਂ ਇਲਾਵਾ ਆਪਣੇ ਸ਼ਹਿਰ ਦਾ ਨਾਮ ਚੁਣਦੇ ਹਨ। ਫਿਰ ਪੰਜਾਬੀਆਂ ਨੇ ਇਸ ਸ਼ੌਂਕ ਦਾ ਵੱਖਰਾ ਪ੍ਰਗਟਾਵਾ ਕਰਦੇ ਹੋਏ ਫੁਕਰੇ, ਸ਼ਰਾਬੀ, ਖਾੜਕੂ, ਵੈਲੀ ਵਰਗੇ ਸ਼ਬਦ ਲਿਖਵਾਉਣ ਲੱਗ ਪਏ। ਮੇਰੀ ਸਾਲੀ ਦੀ ਬੇਟੀ ਨੇ ਆਪਣੀ ਬੇਟੀ ਦੇ ਨਾਮ ਤੇ 'ਜੰਨਤ' ਲਿਖਵਾਇਆ ਤੇ ਬੇਟੇ ਨੇ ਆਪਣੇ ਸਵਰਗਵਾਸੀ ਪਿਤਾ ਦਾ ਨਾਮ 'ਅਮਰਜੀਤ' ਲਿਖਵਾਇਆ। ਪ੍ਰੰਤੂ ਮੇਰੇ ਮੇਜ਼ਬਾਨ ਦੀ ਗੱਡੀ ਦਾ ਨੰਬਰ 'ਲਾਕਾ 06' ਹੈ। ਪੁੱਛਣ ਤੇ ਉਹਨਾਂ ਨੇ ਦੱਸਿਆ। "ਆਹੀਂ ਗੁਰਦਾਸਪੁਰੀਏ ਹੁੰਦੇ ਹਾਂ। ਆਹੀਂ ਇਲਾਕੇ ਨੂੰ 'ਲਾਕਾ' ਬੋਲਦੇ ਹਾਂ। ਇਲਾਕੇ ਦੀ 'ਇ' ਤਾਂ ਆਹੀਂ ਖਾ ਹੀ ਜਾਂਦੇ ਹਾਂ। ਤਾਹਢੇ ਵੱਲ ਇੰਜ ਨਹੀਂ ਬੋਲਦੇ ਤੇ '06' ਸਾਡੇ ਗੁਰਦਾਸਪੁਰ ਦਾ ਕੋਡ ਹੈ। ਇਸ ਲਈ ਆਹੀਂ 'ਗੁਰਦਾਸਪੁਰੀਏ' ਲਿਖਣ ਦੀ ਬਜਾਏ 'ਲਾਕਾ 06' ਲਿਖਵਾਇਆ ਹੈ।" ਵਾਕਿਆ ਹੀ ਇਹਨਾਂ ਦੀ ਬੋਲੀ ਵਧੀਆ ਹੁੰਦੀ ਹੈ। ਲਿਖਣ ਨੂੰ ਨਵਾਂ ਬਹੁਤ ਕੁਝ ਹੈ। ਪਰ ਹੱਦ ਨਾਮ ਦੀ ਵੀ ਕੋਈ ਸ਼ੈਅ ਹੁੰਦੀ ਹੈ।



**ਰਮੇਸ ਸੇਠੀ ਬਾਦਲ**
**9876627233**

# "ਮਨ ਨੂੰ ਕੂੜੇਦਾਨ ਨਹੀਂ, ਅਹਿਸਾਸਾਂ ਦਾ ਆਸਮਾਨ ਬਣਾਓ"

ਇਨਸਾਨੀ ਜੀਵਨ ਭਾਵਨਾਵਾਂ ਨਾਲ ਹੀ ਬਣਿਆ ਹੈ। ਕਦੇ ਮਨ ਵਿੱਚ ਖੁਸ਼ੀ ਉੱਭਰਦੀ ਹੈ, ਕਦੇ ਗੁੱਸਾ, ਕਦੇ ਪਿਆਰ ਅਤੇ ਕਦੇ ਦੁੱਖ। ਇਹ ਸਾਰੀਆਂ ਭਾਵਨਾਵਾਂ ਸਾਡੀ ਜ਼ਿੰਦਗੀ ਦਾ ਕੁਦਰਤੀ ਹਿੱਸਾ ਹਨ। ਪਰ ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਅਸੀਂ ਇਨ੍ਹਾਂ ਭਾਵਨਾਵਾਂ ਨੂੰ ਆਪਣੇ ਅੰਦਰ ਹੀ ਦਬਾ ਕੇ ਰੱਖ ਲੈਂਦੇ ਹਾਂ। ਜਿਵੇਂ ਇੱਕ ਘਰ ਵਿੱਚ ਕੂੜਾ ਇਕੱਠਾ ਹੋਣ ਲੱਗੇ ਤਾਂ ਉਹ ਘਰ ਗੰਦਲਾ ਹੋ ਜਾਂਦਾ ਹੈ, ਓਸੇ ਤਰ੍ਹਾਂ ਜਦੋਂ ਮਨ ਵਿੱਚ ਦਬੀਆਂ ਭਾਵਨਾਵਾਂ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਅੰਦਰੋਂ ਇਨਸਾਨ ਬੇਚੈਨ ਹੋ ਜਾਂਦਾ ਹੈ। ਇਸ ਲਈ ਗੁੱਸਾ ਹੋਵੇ, ਪ੍ਰੇਮ ਹੋਵੇ ਜਾਂ ਕੋਈ ਹੋਰ ਭਾਵਨਾ — ਉਸਨੂੰ ਬਾਹਰ ਆਉਣ ਦਾ ਰਸਤਾ ਦੇਣਾ ਬਹੁਤ ਜ਼ਰੂਰੀ ਹੈ।

ਅਕਸਰ ਲੋਕ ਸੋਚਦੇ ਹਨ ਕਿ ਆਪਣੇ ਮਨ ਦੀ ਗੱਲ ਦੱਸਣਾ ਕਮਜ਼ੋਰੀ ਹੈ। ਉਹ ਆਪਣੇ ਦੁੱਖ, ਗੁੱਸੇ ਜਾਂ ਚਿੰਤਾਵਾਂ ਨੂੰ ਅੰਦਰ ਹੀ ਦਬਾ ਲੈਂਦੇ ਹਨ। ਪਰ ਇਹ ਦਬੀਆਂ ਹੋਈਆਂ ਭਾਵਨਾਵਾਂ ਹੌਲੀ-ਹੌਲੀ ਮਨ ਤੇ ਬੋਝ ਬਣ ਜਾਂਦੀਆਂ ਹਨ। ਕਈ ਵਾਰ ਇਨਸਾਨ ਬਿਨਾਂ ਕਾਰਨ ਚਿੜਚਿੜਾ ਹੋ ਜਾਂਦਾ ਹੈ, ਛੋਟੀ-ਛੋਟੀ ਗੱਲਾਂ 'ਤੇ ਗੁੱਸਾ ਕਰਨ ਲੱਗਦਾ ਹੈ ਜਾਂ ਫਿਰ ਇਕੱਲਾਪਨ ਮਹਿਸੂਸ ਕਰਦਾ ਹੈ। ਇਸਦਾ ਕਾਰਨ ਇਹ ਨਹੀਂ ਹੁੰਦਾ ਕਿ ਉਸਦੇ ਜੀਵਨ ਵਿੱਚ ਸਮੱਸਿਆਵਾਂ ਜ਼ਿਆਦਾ ਹਨ, ਸਗੋਂ ਇਹ ਹੁੰਦਾ ਹੈ ਕਿ ਉਸਨੇ ਆਪਣੇ ਅੰਦਰ ਨੂੰ "ਕੂੜੇਦਾਨ" ਬਣਾ ਲਿਆ ਹੁੰਦਾ ਹੈ।

ਗੁੱਸਾ ਇੱਕ ਕੁਦਰਤੀ ਭਾਵਨਾ ਹੈ। ਜਦੋਂ ਕੋਈ ਗੱਲ ਸਾਨੂੰ ਚੁਭਦੀ ਹੈ ਜਾਂ ਅਨਿਆਇ ਮਹਿਸੂਸ ਹੁੰਦਾ ਹੈ, ਤਾਂ ਗੁੱਸਾ ਆਉਣਾ ਸਵਭਾਵਿਕ ਹੈ। ਪਰ ਗੁੱਸੇ ਨੂੰ ਦਬਾ ਕੇ ਰੱਖਣਾ ਠੀਕ ਨਹੀਂ। ਇਹ ਜ਼ਰੂਰੀ ਨਹੀਂ ਕਿ ਅਸੀਂ ਗੁੱਸੇ ਵਿੱਚ ਕਿਸੇ ਨੂੰ ਚੋਟ ਪਹੁੰਚਾਈਏ ਜਾਂ ਉੱਚੀ ਆਵਾਜ਼ ਵਿੱਚ ਬੋਲਈਏ। ਸਹੀ ਤਰੀਕਾ ਇਹ ਹੈ ਕਿ ਅਸੀਂ ਆਪਣੇ ਗੁੱਸੇ ਨੂੰ ਸਮਝੀਏ ਅਤੇ ਸ਼ਾਂਤੀ ਨਾਲ ਆਪਣੀ ਗੱਲ ਕਹਿਣਾ ਸਿੱਖੀਏ। ਜਦੋਂ ਅਸੀਂ ਆਪਣੇ ਮਨ ਦੀ ਗੱਲ ਸਹੀ ਢੰਗ ਨਾਲ ਪ੍ਰਗਟ ਕਰਦੇ ਹਾਂ ਤਾਂ ਮਨ ਹਲਕਾ ਹੋ ਜਾਂਦਾ ਹੈ ਅਤੇ ਰਿਸ਼ਤੇ ਵੀ ਬਚੇ ਰਹਿੰਦੇ ਹਨ।

ਇਸੇ ਤਰ੍ਹਾਂ ਪ੍ਰੇਮ ਵੀ ਇੱਕ ਬਹੁਤ ਸੁੰਦਰ ਭਾਵਨਾ ਹੈ। ਪਰ ਕਈ ਲੋਕ ਆਪਣੇ ਪਿਆਰ ਅਤੇ ਆਪਣੀ ਪਰਵਾਹ ਨੂੰ ਕਦੇ ਪ੍ਰਗਟ ਨਹੀਂ ਕਰਦੇ। ਉਹ ਸੋਚਦੇ ਹਨ ਕਿ ਸਾਹਮਣੇ ਵਾਲਾ ਆਪਣੇ ਆਪ ਸਮਝ ਲਵੇਗਾ। ਪਰ ਹਰ ਵਾਰ ਚੁੱਪ ਰਹਿਣਾ ਠੀਕ ਨਹੀਂ ਹੁੰਦਾ। ਇੱਕ ਛੋਟਾ



ਜਿਹਾ ਪਿਆਰ ਭਰਿਆ ਸ਼ਬਦ, ਇੱਕ ਸੱਚੀ ਤਾਰੀਫ਼ ਜਾਂ ਕਿਸੇ ਦੀ ਹੌਸਲਾ-ਅਫ਼ਜ਼ਾਈ ਕਰਨਾ ਵੀ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ। ਜੇ ਮਨ ਵਿੱਚ ਪਿਆਰ ਹੋਵੇ ਤਾਂ ਉਸਨੂੰ ਪ੍ਰਗਟ ਕਰਨਾ ਵੀ ਆਉਣਾ ਚਾਹੀਦਾ ਹੈ, ਕਿਉਂਕਿ ਨਾ ਕਹੀਆਂ ਗੱਲਾਂ ਕਈ ਵਾਰ ਦੂਰੀਆਂ ਪੈਦਾ ਕਰ ਦਿੰਦੀਆਂ ਹਨ।

ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਮਤਲਬ ਇਹ ਨਹੀਂ ਕਿ ਅਸੀਂ ਹਰ ਵੇਲੇ ਹਰ ਗੱਲ ਬੇਸਮਝੀ ਨਾਲ ਬੋਲ ਦੇਈਏ। ਇਸਦਾ ਮਤਲਬ ਹੈ ਕਿ ਅਸੀਂ ਆਪਣੇ ਅੰਦਰ ਦੇ ਅਹਿਸਾਸਾਂ ਨੂੰ ਸਹੀ ਸਮੇਂ ਤੇ ਸਹੀ ਢੰਗ ਨਾਲ ਬਿਆਨ ਕਰਨਾ ਸਿੱਖੀਏ। ਕੁਝ ਲੋਕ ਲਿਖ ਕੇ ਆਪਣੇ ਮਨ ਦੀ ਗੱਲ ਕਹਿੰਦੇ ਹਨ, ਕੁਝ ਸੰਗੀਤ ਜਾਂ ਕਲਾ ਰਾਹੀਂ ਆਪਣੇ ਜਜ਼ਬਾਤ ਪ੍ਰਗਟ ਕਰਦੇ ਹਨ ਅਤੇ ਕੁਝ ਆਪਣੇ ਨੇੜਲੇ ਲੋਕਾਂ ਨਾਲ ਗੱਲਬਾਤ ਕਰਕੇ ਮਨ ਹਲਕਾ ਕਰਦੇ ਹਨ। ਇਹ ਸਾਰੇ ਤਰੀਕੇ ਮਨ ਨੂੰ ਸਿਹਤਮੰਦ ਰੱਖਦੇ ਹਨ।

ਅੱਜ ਦੇ ਸਮੇਂ ਵਿੱਚ ਲੋਕ ਬਾਹਰੋਂ ਬਹੁਤ ਹੱਸਦੇ ਦਿਖਾਈ ਦਿੰਦੇ ਹਨ, ਪਰ ਅੰਦਰੋਂ ਟੁੱਟੇ ਹੋਏ ਹੁੰਦੇ ਹਨ। ਇਸਦਾ ਇੱਕ ਵੱਡਾ ਕਾਰਨ ਇਹ ਹੈ ਕਿ ਉਹ ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਜੀਣਾ ਸਿੱਖ ਲੈਂਦੇ ਹਨ। ਸਮਾਜ ਵੀ ਕਈ ਵਾਰ ਇਹ ਸਿਖਾਉਂਦਾ ਹੈ ਕਿ "ਜ਼ਿਆਦਾ ਭਾਵੁਕ ਨਾ ਬਣੋ" ਜਾਂ "ਆਪਣੇ ਜਜ਼ਬਾਤ ਨਾ ਦਿਖਾਓ।" ਪਰ ਸੱਚ ਇਹ ਹੈ ਕਿ ਭਾਵਨਾਵਾਂ ਨੂੰ ਦਬਾਉਣਾ ਹਿੰਮਤ ਨਹੀਂ, ਸਗੋਂ ਆਪਣੇ ਆਪ ਨਾਲ ਅਨਿਆਇ ਹੈ। ਜੋ ਇਨਸਾਨ ਆਪਣੇ ਮਨ ਦੀ ਗੱਲ ਕਹਿਣਾ ਸਿੱਖ ਲੈਂਦਾ ਹੈ, ਉਹ ਅੰਦਰੋਂ ਜ਼ਿਆਦਾ ਮਜ਼ਬੂਤ ਅਤੇ ਸ਼ਾਂਤ ਹੁੰਦਾ ਹੈ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਨ ਵੀ ਇੱਕ ਘਰ ਵਾਂਗ ਹੈ। ਜਿਵੇਂ ਘਰ ਦੀ ਸਫ਼ਾਈ ਜ਼ਰੂਰੀ ਹੁੰਦੀ ਹੈ, ਓਸੇ ਤਰ੍ਹਾਂ ਮਨ ਦੀ ਸਫ਼ਾਈ ਵੀ ਜ਼ਰੂਰੀ ਹੈ। ਜੇ ਅਸੀਂ ਹਰ ਦੁੱਖ, ਹਰ ਗੁੱਸੇ ਅਤੇ ਹਰ ਚਿੰਤਾ ਨੂੰ ਅੰਦਰ ਇਕੱਠਾ ਕਰਦੇ ਰਹਾਂਗੇ ਤਾਂ ਇੱਕ ਦਿਨ ਇਹ ਸਾਡੇ ਮਨ ਦੀ ਸ਼ਾਂਤੀ ਖੋਹ ਲੈਣਗੇ। ਇਸ ਲਈ ਆਪਣੀਆਂ ਭਾਵਨਾਵਾਂ ਨੂੰ ਸਮਝੋ, ਉਨ੍ਹਾਂ ਨੂੰ ਸਵੀਕਾਰ ਕਰੋ ਅਤੇ ਉਨ੍ਹਾਂ ਨੂੰ ਬਾਹਰ ਆਉਣ ਦਾ ਰਸਤਾ ਦਿਓ।

ਅਖੀਰ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਵਨਾਵਾਂ ਨੂੰ ਪ੍ਰਗਟ ਕਰਨਾ ਜੀਵਨ ਦੀ ਇੱਕ ਮਹੱਤਵਪੂਰਨ ਕਲਾ ਹੈ। ਜਿਹੜਾ ਇਨਸਾਨ ਆਪਣੇ ਅੰਦਰ ਦੀਆਂ ਗੱਲਾਂ ਨੂੰ ਸਹੀ ਢੰਗ ਨਾਲ ਕਹਿਣਾ ਸਿੱਖ ਲੈਂਦਾ ਹੈ, ਉਹ ਨਾ ਸਿਰਫ਼ ਖੁਦ ਖੁਸ਼ ਰਹਿੰਦਾ ਹੈ, ਸਗੋਂ ਹੋਰਨਾਂ ਨਾਲ ਵੀ ਚੰਗੇ ਰਿਸ਼ਤੇ ਬਣਾਉਂਦਾ ਹੈ। ਆਪਣੇ ਮਨ ਨੂੰ ਕੂੜੇਦਾਨ ਬਣਾਉਣ ਦੀ ਬਜਾਏ ਉਸਨੂੰ ਇੱਕ ਖੁੱਲ੍ਹਾ ਆਸਮਾਨ ਬਣਾਓ, ਜਿੱਥੇ ਹਰ ਭਾਵਨਾ ਨੂੰ ਉੱਡਣ ਦੀ ਆਜ਼ਾਦੀ ਮਿਲੇ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਸਸਸਸ ਹਾਕੂਵਾਲਾ**
**ਸ੍ਰੀ ਮੁਕਤਸਰ ਸਾਹਿਬ**
**79860-27454**

# ਮਾਤਾ ਗਿਆਨੋ ਦੇਵੀ ਸਦੀਵੀਂ ਵਿਛੋੜਾ ਦੇ ਗਏ ਸ਼ੈਕੜੇ ਰਿਸ਼ਤੇਦਾਰਾਂ ਸਾਕ ਸਬੰਧੀਆਂ ਅਤੇ ਪਰਿਵਾਰਕ ਮੈਂਬਰਾਂ ਨੇ ਦਿੱਤੀ ਹੰਝੂਆਂ ਭਰੀ ਅੰਤਿਮ ਵਿਦਾਇਗੀ

**ਬਲਾਚੌਰ, 17 ਮਈ (ਜਤਿੰਦਰ ਪਾਲ ਸਿੰਘ ਕਲੇਰ )**-ਚੌਧਰੀ ਸੁਰੇਸ਼ ਕੁਮਾਰ ਥੋਪੀਆ (ਐਮ. ਆਰ. ਸਿਟੀ ਸਕੂਲ ਬਲਾਚੌਰ) ਦੇ ਮਾਤਾ ਗਿਆਨੋ ਦੇਵੀ ਬੀਤੇ ਦਿਨ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ। ਉਨ੍ਹਾਂ ਦਾ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਥੋਪੀਆ ਨਜ਼ਦੀਕ ਬਲਾਚੌਰ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਮਸ਼ਾਨਘਾਟ ਵਿਖੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਇਲ-ਾਕਾ ਵਾਸੀਆਂ ਦੀ ਹਾਜ਼ਰੀ ਵਿਚ ਕੀਤਾ ਗਿਆ। ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਚੌਧਰੀ ਸੁਰੇਸ਼ ਕੁਮਾਰ ਥੋਪੀਆ ਵਲੋਂ ਵਿਖਾਈ ਗਈ। ਵੱਖ-ਵੱਖ ਸ਼ਖ਼ਸੀਅਤਾਂ ਨੇ ਕਿਹਾ ਕਿ ਮਾਤਾ ਗਿਆਨੋ ਦੇਵੀ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਚੌਧਰੀ ਓਮ ਪ੍ਰਕਾਸ਼, ਰੋਸ਼ਨ ਲਾਲ ਠੇਕੇਦਾਰ, ਚੌਧਰੀ ਮਨੋਹਰ ਲਾਲ, ਵਿਕਰਮਜੀਤ, ਤਨਵੀਰ



ਆਦਿ ਪਰਿਵਾਰਿਕ ਮੈਂਬਰਾਂ ਤੋਂ ਇਲਾਵਾ ਬਾਬੂ ਰਾਮਜੀ ਦਾਸ ਚੇਅਰਮੈਨ ਐਮ. ਆਰ. ਸਿਟੀ ਸਕੂਲ, ਸਾਬਕਾ ਚੇਅਰਮੈਨ ਚੌਧਰੀ ਬਿਮਲ ਕੁਮਾਰ ਸਿਆਣਾ, ਚੌਧਰੀ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ, ਸਾਬਕਾ ਚੇਅਰਮੈਨ ਹਰਜੀਤ ਸਿੰਘ ਜਾਡਲੀ,ਚੌਧਰੀ ਬਲਦੇਵ ਰਾਜ ਖੇਪੜ, ਭਾਜਪਾ ਆਗੂ ਵਰਿੰਦਰ ਕੌਰ ਥਾਂਦੀ, ਬਲਵੀਰ ਚੰਦ, ਚਮਨ ਲਾਲ, ਮਦਨ ਲਾਲ, ਦੇਸ ਰਾਜ ਐਸ. ਐਚ. ਓ., ਬਲਦੇਵ ਸਰਪੰਚ ਟੀਹਰਾ, ਸੰਜੀਵ ਕੁਮਾਰ ਬੰਗਾ, ਨਵਪ੍ਰੀਤ ਕੁਕੜ ਸੂਹਾ, ਰਾਮ ਸਰੂਪ, ਰਘਵੀਰ ਮਾਸਟਰ ਬੂਥਗੜ੍ਹ, ਮਨੀ, ਮਨੀਸ਼ ਹੁਸ਼ਿਆਰਪੁਰ, ਪਰਮਜੀਤ ਆਦੋਆਣਾ, ਛਿੰਦਾ ਸਰਪੰਚ, ਮੋਹਣ ਲਾਲ ਰੈਲ ਮਾਜਰਾ, ਅਜੀਤਪਾਲ ਸਿੰਘ ਰਾਜੂ ਮਾਜਰਾ, ਬਲਦੇਵ ਭਾਟੀਆ ਰਾਜੂ ਮਾਜਰਾ, ਸੁਰਿੰਦਰ ਬਿੱਕਾ ਟੋਰੋਵਾਲ, ਤੇਜਿੰਦਰ ਨਵਾਂਸ਼ਹਿਰ, ਬਗੀਚਾ ਸਿੰਘ ਰੱਕੜ ਮੌਜੋਵਾਲ ਮਜਾਰਾ, ਸੇਠੀ ਸਰਪੰਚ, ਦਰਸ਼ਨ ਚੇਲਾ, ਵਾਸਦੇਵ ਸੇਠੀ, ਕੁੰਦਨ ਲਾਲ, ਸੋਮ ਨਾਥ, ਵਿਜੇ ਕੁਮਾਰ, ਰਾਜ ਕੁਮਾਰ, ਹਰਮੇਸ਼ ਲਾਲ, ਰਾਹੁਲ ਰਾਮ, ਰਾਮ ਪਾਲ ਪੰਡਿਤ, ਬਿੱਲੂ ਪੰਡਿਤ, ਚੰਨਣ ਕਾਨੂੰਗੋ, ਪਰਸ ਰਾਮ, ਸੋਹਣ ਲਾਲ, ਸਮੂਹ ਸਕੂਲ ਸਟਾਫ, ਸਮੁੱਚੇ ਰਿਸ਼ਤੇਦਾਰ ਸਮੂਹ ਪਿੰਡ ਵਾਸੀ ਤੇ ਇਲਾਕਾ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਮਿੰਨੀ ਕਹਾਣੀ -"ਦੇਸ਼ ਸੇਵਕ"

ਮਾਸਟਰ ਸੇਵਾ ਸਿੰਘ ਇੱਕ ਆਮ ਜਿਹੇ ਮੁਲਾਜ਼ਮ ਵਜੋਂ ਵਿਚਰਦਿਆਂ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਣ ਵਿੱਚ ਮਗਨ ਰਹਿੰਦਾ । ਵਿਭਾਗੀ ਅਧਿਕਾਰੀਆਂ ਦੇ ਹੁਕਮਾਂ ਦੀ ਅਣਦੇਖੀ ਕਰਨਾ ਉਸ ਦੇ ਸ਼ਬਦ ਕੋਸ਼ ਵਿੱਚ ਸ਼ਾਮਿਲ ਨਹੀਂ ਸੀ।

ਸਰਕਾਰ ਵੱਲੋਂ ਜਨ ਗਣਨਾ ਦੇ ਸਿਖਲਾਈ ਕੈਂਪਾਂ ਵਿਚ " ਜਨ ਗਣਨਾ ਕਾਰਜ - ਦੇਸ਼ ਦੀ ਸੇਵਾ ਕਰਨ ਦਾ ਸੁਨਹਿਰੀ ਮੌਕਾ" ਵਰਗੇ ਉਤਸਾਹ ਭਰਪੂਰ ਭਾਸ਼ਣਾਂ ਨੇ ਉਸ ਵਿੱਚ ਇਹ ਡਿਊਟੀ ਨਿਭਾਉਣ ਦਾ ਜਜ਼ਬਾ ਹੋਰ ਪ੍ਰਬਲ ਕਰ ਦਿੱਤਾ। ਉਹ ਚਾਈਂ ਚਾਈਂ ਮਕਾਨ ਸੂਚੀ ਕਰਨ ਦੇ ਕੰਮ ਵਾਸਤੇ ਸਕੂਲੋਂ ਛੁੱਟੀ ਉਪਰੰਤ ਸਿਖਰ ਦੁਪਹਿਰੇ ਨਿਕਲ ਪੈਂਦਾ ਤੇ ਦਰ ਦਰ 'ਤੇ ਨੰਬਰ ਲਗਾਉਂਦਾ ਰਹਿੰਦਾ। ਉੱਚ ਅਧਿਕਾਰੀਆਂ ਵੱਲੋਂ ਸਮਾਂਬੱਧ ਤੇ ਪੂਰਨ ਰੂਪ ਵਿੱਚ ਕੰਮ ਮੁਕੰਮਲ ਕਰਨ ਦੇ ਹੁਕਮਾਂ ਨੇ ਉਸ ਦੇ ਕੰਮ ਦੀ ਤੇਜੀ ਨੂੰ ਮੱਠਾ ਨਾ ਪੈਣ ਦਿੱਤਾ।

ਭਾਵੇਂ ਕਿ ਆਪਣੀ ਉਮਰ ਦੇ ਪੰਜ ਦਹਾਕੇ ਪੂਰੇ ਕਰ ਚੁੱਕੇ ਮਾਸਟਰ ਸੇਵਾ ਸਿੰਘ ਦਾ ਜੋਸ਼ ਠਾਠਾਂ ਮਾਰਦਾ ਸੀ ਪਰ ਸਰੀਰਕ ਵਿੱਤ ਇਜਾਜ਼ਤ ਨਹੀਂ ਸੀ ਦੇ ਰਿਹਾ। ਹਫਤਾ ਕੁ ਭਰ ਕੰਮ ਕਰਨ ਉਪਰੰਤ ਉਸ ਦੀ ਤਬੀਅਤ ਵਿੱਚ ਨਿਘਾਰ ਆਉਣਾ ਸ਼ੁਰੂ ਹੋਇਆ ਤਾਂ ਉਹ ਤਿੱਖੜ ਦੁਪਹਿਰ ਦੀ ਥਾਂ ਸ਼ਾਮ ਨੂੰ ਮਕਾਨ ਸੂਚੀ ਕਰਨ 'ਤੇ ਨਿਕਲ ਪੈਂਦਾ ।

ਪਰ ਡਾਕਟਰ ਨੇ ਉਸ ਨੂੰ ਅਤੀ ਜਰੂਰੀ ਮੈਡੀਕਲ ਟੈਸਟ ਕਰਵਾਉਣ ਉਪਰੰਤ ਪੂਰਨ ਆਰਾਮ ਕਰਨ ਦੀ ਸਲਾਹ ਦਿੱਤੀ ਤਾਂ ਪਤਨੀ ਤੇ ਬੱਚੇ ਆਪਣੇ ਪਿਤਾ ਨੂੰ ਡਿਊਟੀ ਕਟਵਾਉਣ ਬਾਰੇ ਮੱਤਾਂ ਦੇਣ ਲੱਗੇ । ਪਰ ਉਹ ਡਿਊਟੀ ਕਟਵਾਉਣ ਦੇ ਕਾਰਨਾਂ 'ਤੋਂ ਵਿਭਾਗ ਨੂੰ ਸੰਤੁਸ਼ਟ ਨਾ ਕਰ ਸਕਿਆ।

ਹੁਣ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਚਾਹੁੰਦਿਆਂ ਹੋਇਆਂ ਵੀ ਵਿਗੜਦੀ ਸਿਹਤ ਕਾਰਣ ਆਪਣੀ ਇਹ ਸੇਵਾ ਨਿਭਾਉਣ ਤੋਂ ਮੁਨਕਰ ਨਹੀਂ ਹੋ ਸਕਦਾ ।ਮਾਸਟਰ ਜੀ ਨੇ ਡਿਊਟੀ ਨੂੰ ਨਿਰਵਿਘਨ ਜਾਰੀ ਰੱਖਿਆ। ਦੂਰ ਦੁਰਾਡੇ ਘਰਾਂ ਦੀ ਗਿਣਤੀ ਮਿਣਤੀ ਕਰਨ ਉਪਰੰਤ ਉਹ ਡਿੱਗਦਾ ਢਹਿੰਦਾ ਤਰਕਾਲਾਂ ਵੇਲੇ ਘਰ ਪੁੱਜਦਾ।

ਜਨ ਗਣਨਾ ਡਿਊਟੀ ਦੇ ਅੰਤਿਮ ਦਿਨ ਉਹ ਪਿੰਡ ਦੇ ਬਾਹਰ ਬੇਹੋਸ਼ ਹੋ ਕੇ ਡਿੱਗ ਪਿਆ । ਉਸ ਨੂੰ ਹਸਪਤਾਲ ਭਰਤੀ ਕਰਵਾਇਆ ਤਾਂ ਡਾਕਟਰਾਂ ਨੇ ਡਿਊਟੀ ਦੌਰਾਨ ਉਸ ਦਾ ਸਰਕਾਰੀ ਬੀਮਾ ਨਾ ਹੋਣ ਦੀ ਪੁਸ਼ਟੀ ਕਰਦਿਆਂ ਵੱਡੀ ਰਕਮ ਦਾ ਬਿੱਲ ਸੇਵਾ ਸਿੰਘ ਦੀ ਪਤਨੀ ਨੂੰ ਫੜਾਉਂਦਿਆਂ ਉਸ ਦੇ ਸਵਾਸਾਂ ਦੀ ਗਿਣਤੀ ਵੀ ਪਰਿਵਾਰ ਨੂੰ ਦੱਸ ਦਿੱਤੀ।

ਜਦੋਂ ਮਾਸਟਰ ਜੀ ਦੇ ਅੰਤਿਮ ਸਾਹ ਚੱਲ ਰਹੇ ਸਨ ਤਾਂ ਮੋਬ-ਾਇਲ ਫੋਨ ਦੀ ਘੰਟੀ ਅਚਾਨਕ ਖੜਕੀ ।

ਪੁੱਤਰ ਨੇ ਸਪੀਕਰ ਲਗਾ ਕੇ ਫੋਨ ਚੁੱਕਿਆ ਤਾਂ ਸੁਪਰਵਾਈਜ਼ਰ ਨੇ ਬੜੇ ਖੁਸ਼ੀ ਭਰੇ ਲਹਿਜੇ ਵਿੱਚ ਕਹਿਣਾ ਸ਼ੁਰੂ ਕੀਤਾ," ਮਾਸਟਰ ਜੀ, ਤੁਸੀਂ ਜਨ ਗਣਨਾ ਦਾ ਸਾਰਾ ਕੰਮ ਸਮੇਂ ਸਿਰ ਨਿਬੇੜ ਕੇ ਸੱਚੇ ਦੇਸ਼ ਸੇਵਕ ਹੋਣ ਦਾ ਸਬੂਤ ਦਿੱਤਾ ਹੈ, ਤੁਹਾਨੂੰ ਬਹੁਤ ਬਹੁਤ ਮੁਬਾਰਕਾਂ"।

ਮੋਬਾਇਲ ਫੋਨ ਦਾ ਸਪੀਕਰ ਬੰਦ ਹੋਣ ਤੱਕ ਮਾਸਟਰ ਸੇਵਾ ਸਿੰਘ ਦੇ ਸਾਹਾਂ ਦੀ ਲੜੀ ਟੁੱਟ ਚੁੱਕੀ ਸੀ।



**ਲੈਕਚਰਾਰ ਹਰਭਿੰਦਰ ਸਿੰਘ ਮੁੱਲਾਂਪੁਰ**
**ਸੰਪਰਕ:94646-01001**

# ਪੰਜਾਬੀ ਬੋਲੀ ਦਾ ਦੁਖਾਂਤ

ਜੇ ਪੰਜਾਬੀ ਬੋਲੀ ਦੇ ਇਤਿਹਾਸ ਵਾਰੇ ਗੱਲ ਕਰੀਏ ਤਾਂ ਇਸ ਦੀਆਂ ਜੜ੍ਹਾਂ ਸਿੰਧੂ ਘਾਟੀ ਦੀ ਸੱਭਿਅਤਾ ਅਤੇ ਵੈਦਿਕ ਕਾਲ ਨਾਲ ਜਾ ਜੁੜਦੀਆਂ ਹਨ। ਪੰਜਾਬੀ ਬੋਲੀ ਵੈਦਿਕ ਸੰਸਕ੍ਰਿਤ, ਪਾਲੀ ਅਤੇ ਹੋਰ ਵੱਖ ਵੱਖ ਇਲਾਕਾਈ ਬੋਲੀਆਂ ਵਿੱਚੋਂ ਹੋਂਦ ਵਿੱਚ ਆਈ ਸੀ।ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਹਜਾਰਾਂ ਸਾਲ ਪੁਰਾਣੀ ਬੋਲੀ ਹੈ। ਉਸ ਸਮੇਂ ਪੰਜਾਬੀ,ਸ਼ਾਹਮੁਖੀ ਅਤੇ ਰੋਮਨ ਲਿੱਪੀਆਂ ਵਿੱਚ ਲਿਖੀ ਜਾਂਦੀ ਸੀ।ਬਾਬਾ ਫਰੀਦ ਜੀ ਦੀ ਬਾਣੀ ਪੰਜਾਬੀ ਸਾਹਿਤ ਦੀ ਪਹਿਲੀ ਪ੍ਰਮਾਣਿਕ ਅਤੇ ਪ੍ਰਸਿੱਧ ਰਚਨਾ ਮੰਨੀ ਜਾਂਦੀ ਹੈ। ਵਾਰਿਸ ਸ਼ਾਹ,ਪੀਲੂ ਅਤੇ ਹਾਸ਼ਮ ਸ਼ਾਹ ਵਰਗੇ ਕਵੀਆਂ ਨੇ ਪੰਜਾਬੀ ਬੋਲੀ ਨੂੰ ਹਰਮਨ ਪਿਆਰਾ ਬਣਾਇਆ ਸੀ,ਜਿਸ ਨਾਲ ਪੰਜਾਬੀ ਬੋਲੀ ਨੂੰ ਮਜ਼ਬੂਤੀ ਮਿਲੀ ਸੀ।

ਪੰਦਰਵੀ ਸਦੀ ਵਿੱਚ ਗੁਰੂ ਅੰਗਦ ਦੇਵ ਜੀ ਨੇ,ਗੁਰਮੁਖੀ ਲਿਪੀ ਦੇ ਵੱਖ ਵੱਖ ਅੱਖਰਾਂ ਨੂੰ ਇਕੱਠਾ ਕਰ ਕੇ ਪੈਂਤੀ ਅੱਖਰਾਂ ਦੀ ਵਰਣਮਾਲਾ ਬਣਾਈ ਸੀ।ਗੁਰੂਆਂ ਦੇ ਮੁੱਖ ਚੋਂ ਉਚਾਰੀ ਗਈ ਹੋਣ ਕਾਰਨ ਇਸ ਲਿੱਪੀ ਨੂੰ ਗੁਰਮੁਖੀ ਕਿਹਾ ਜਾਂਦਾ ਹੈ।ਗੁਰਮੁਖੀ ਲਿਪੀ ਵਿੱਚ ਸੱਭ ਤੋਂ ਮਹਾਨ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੈ।ਗੁਰੂਆਂ ਦੀ ਬਾਣੀ ਨੇ,ਪੰਜਾਬੀ ਬੋਲੀ ਨੂੰ ਬੋਧਿਕ ਅਤੇ ਸਾਹਿਤਕ ਸਿਖ਼ਰ 'ਤੇ ਪਹੁੰਚਾਇਆ ਹੈ।ਉਸ ਤੋਂ ਬਾਅਦ ਭਾਈ ਵੀਰ ਸਿੰਘ, ਪੋ ਪੂਰਨ ਸਿੰਘ,ਅਮ੍ਰਿਤਾ ਪ੍ਰੀਮ,ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਵਰਗੇ ਲੇਖਕਾਂ ਨੇ ਆਧੁਨਿਕ ਪੰਜਾਬੀ ਸਾਹਿਤ ਦੀ ਨੀਂਹ ਰੱਖੀ ਅਤੇ ਪੰਜਾਬੀ ਬੋਲੀ ਨੂੰ ਕੌਮਾਂਤਰੀ ਪਹਿਚਾਣ ਦੁਆਈ।

1947 ਚ ਜਦੋਂ ਪੰਜਾਬ ਦੀ ਵੰਡ ਹੋਈ ਤਾਂ ਪੰਜਾਬੀ ਬੋਲੀ ਦੀ ਲਿੱਪੀ ਵੀ ਵੰਡੀ ਗਈ ਸੀ,ਅੱਜ ਚੜਦੇ ਪੰਜਾਬ ਵਿੱਚ ਗੁਰਮੁਖੀ ਅਤੇ ਲਹਿੰਦੇ ਪੰਜਾਬ ਚ ਸ਼ਾਹਮੁਖੀ ਲਿੱਪੀ ਚ ਪੰਜਾਬੀ ਲਿਖੀ ਅਤੇ ਪੜੀ ਜਾਂਦੀ ਹੈ।ਅਸਲ ਵਿੱਚ ਇਹ ਪੰਜਾਬੀ ਲਿੱਪੀ ਦੀ ਧਾਰਮਿਕ ਵੰਡ ਸੀ।ਦੇਸ਼ ਦੀ ਅਜ਼ਾਦੀ ਤੋਂ ਬਾਅਦ ਚੜਦੇ ਪੰਜਾਬ ਵਿੱਚ,ਇਕ ਵਾਰ ਫ਼ੇਰ ਤੋਂ ਪੰਜਾਬੀ ਬੋਲੀ ਨੂੰ ਉਦੋਂ ਢਾਅ ਲੱਗੀ ਜਦੋਂ ਪੰਜਾਬੀ ਨੂੰ ਇੱਕ ਧਰਮ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਸੀ।ਅਤੇ ਮਰਦਮਸ਼ੁਮਾਰੀ ਸਮੇਂ ਲੱਖਾਂ ਪੰਜਾਬੀ,ਆਪਣੀ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਸਨ।ਇੱਥੇ ਹੀ ਬੱਸ ਨਹੀਂ ਹੋਈ,ਸੌੜੀ ਰਾਜਨੀਤੀ ਦਾ ਸ਼ਿਕਾਰ ਹੋਈ ਪੰਜਾਬੀ ਇੱਕ ਛੋਟੇ ਜਿਹੇ ਖਿੱਤੇ ਚ ਸੁੰਗੜ ਕੇ ਰਹਿ ਗਈ ਹੈ।ਪੰਜਾਬੀ ਬੋਲੀ ਦੇ ਨਾਹਰੇ ਹੇਠ,ਅਕਾਲੀ ਦੱਲ ਨੇ ਰਾਜਨੀਤਕ ਤੌਰ 'ਤੇ ਤਾਂ ਪੰਜਾਬੀ ਸੂਬਾ ਲੈ ਲਿਆ ਪਰ ਪੰਜਾਬੀ ਦੀ ਤਰੱਕੀ ਲਈ ਕੁਝ ਨਹੀਂ ਕੀਤਾ, ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬੀ ਬੋਲੀ ਹੋਰ ਨਿਘਾਰ ਵਲ ਵਧਦੀ ਚਲੀ ਗਈ।ਕਿਉਂਕਿ ਸਰਕਾਰ ਵਲੋਂ ਹਜ਼ਾਰਾਂ ਸਕੂਲਾਂ ਨੂੰ ਸੀ ਬੀ ਐਸ ਸੀ ਸਲੇਬਸ ਅਧੀਨ ਪੜ੍ਹਾਈ ਕਰਵਾਉਣ ਦੀ ਮਾਨਤਾ ਦੇ ਦਿੱਤੀ ਜੋ ਪੰਜਾਬ ਵਿੱਚ ਹੀ ਪੰਜਾਬੀ ਪੜ੍ਹਾਉਣ ਤੋਂ ਪਾਸਾ ਵੱਟੀ ਬੈਠੇ ਹਨ ਅਤੇ ਸਰਕਾਰ ਇਹਨਾਂ ਸਕੂਲਾਂ ਦੀ ਨਕੇਲ ਕੱਸਣ ਤੋਂ ਘਬਰਾ ਰਹੀ ਹੈ।ਪੰਜਾਬ 'ਚ ਆਈ ਇਸ ਅਖੌਤੀ ਵਿਦਿਅਕ ਕ੍ਰਾਂਤੀ ਨੇ ਪੰਜਾਬੀ ਬੋਲੀ ਦਾ ਕਚੂੰਬਰ ਹੀ ਕੱਢ ਛੱਡਿਆ ਹੈ। ਇਹਨਾਂ ਪ੍ਰਾਈਵੇਟ ਮਾਡਲ ਸਕੂਲਾਂ ਨੇ ਪੰਜਾਬੀ ਬੋਲੀ ਨੂੰ ਆਪਣੇ ਘਰ ਵਿੱਚ ਹੀ ਮਤਰੇਈ ਬਣਾ ਦਿੱਤਾ ਹੈ।ਇਹਨਾਂ ਸਕੂਲਾਂ ਵਿੱਚ ਪੜ੍ਹਕੇ ਸਾਡੇ ਆਪਣੇ ਬੱਚੇ ਹੀ ਪੰਜਾਬੀ ਨੂੰ ਅਨਪੜ੍ਹਾਂ ਦੀ ਬੋਲੀ ਕਹਿਣ ਲੱਗੇ ਹਨ।ਇਸ ਪੜ੍ਹਾਈ ਨੇ ਤਾਂ ਰਿਸਤਿਆਂ ਦੇ ਚੰਗੇ ਭਲੇ ਨਾ ਵੀ ਵਿਗਾੜ ਕੇ ਰੱਖ ਦਿੱਤੇ ਹਨ। ਕਹਿਣ ਨੂੰ ਤਾਂ ਸਾਹਿਤਕਾਰ, ਲੇਖਕ ਅਤੇ ਬੁਧੀਜੀਵੀ, ਸਾਹਿਤ ਸਭਾਵਾਂ ਬਣਾ ਕੇ,ਕਵੀ ਦਰਬਾਰ ਅਤੇ ਸੈਮੀਨਾਰ ਕਰਵਾ ਕੇ,ਪੰਜਾਬੀ ਬੋਲੀ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ,ਪਰ ਉਨ੍ਹਾਂ ਦੀਆਂ ਇਹ ਕੋਸ਼ਿਸ਼ਾਂ ਫੋਕੀਆਂ ਡਰਾਮੇ ਬਾਜੀਆਂ ਤੋਂ ਵੱਧ ਕੁਝ ਨਹੀਂ ਹੈ ਕਿਉਂਕਿ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਆਪਣੇ ਬੱਚੇ ਨਾਂ ਤਾਂ ਪੰਜਾਬੀ ਲਿਖ ਸਕਦੇ ਹਨ ਅਤੇ ਨਾ ਹੀ ਪੜ੍ਹ ਸਕਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਉਜਵਲ ਭਵਿੱਖ ਦੇਣ ਦੇ ਲਾਲਚ ਵੱਸ,ਉਨ੍ਹਾਂ ਨੂੰ ਆਪਣੀ ਮਾਂ ਬੋਲੀ ਤੋਂ ਦੂਰ ਕਰਦੇ ਜਾ ਰਹੇ ਹਾਂ। ਅਸੀਂ ਭੁਲ ਚੁੱਕੇ ਹਾਂ ਕਿ ਜਿਹੜੀ ਕੌਮ ਆਪਣੀ ਬੋਲੀ ਵਿਸਾਰ ਦਿੰਦੀ ਹੈ,ਉਹ ਕੌਮ ਨਸ਼ਟ ਹੋ ਜਾਇਆ ਕਰਦੀ ਹੈ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਆਓ ! ਸਕੂਲ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦਿਖਾਈਏ

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਸਮੂਹ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਤਹਿਤ ਅਧਿਆਪਕ ਆਪਣੇ ਸਾਥੀਆਂ ਨਾਲ ਮਿਲ ਕੇ ਸਕੂਲਾਂ ਦੇ ਨਾਲ ਲੱਗਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਜਾ ਕੇ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦਾ ਦਾਖਲਾ ਨੇੜਲੇ ਸਰਕਾਰੀ ਸਕੂਲਾਂ ਵਿੱਚ ਕਰਵਾਉਣ ਲਈ ਜਾਗਰੂਕ ਕਰ ਰਹੇ ਹਨ।

ਅਧਿਆਪਕਾਂ ਦੀ ਪ੍ਰੇਰਣਾ ਸਦਕਾ ਬਹੁਤ ਸਾਰੇ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈ ਰਹੇ ਹਨ। ਨਵੇਂ ਸਕੂਲ ਵਿੱਚ ਦਾਖਲ ਹੋਣ ਵਾਲੇ ਬੱਚਿਆਂ ਦੇ ਮਨਾਂ ਵਿੱਚ ਨਵੀਆਂ ਉਮੀਦਾਂ, ਨਵੇਂ ਦੋਸਤਾਂ, ਨਵੇਂ ਅਧਿਆਪਕਾਂ ਅਤੇ ਨਵੇਂ ਮਾਹੌਲ ਨੂੰ ਲੈ ਕੇ ਖਾਸ ਉਤਸ਼ਾਹ ਹੁੰਦਾ ਹੈ।

ਕਿਸੇ ਵੀ ਸਕੂਲ ਵਿੱਚ ਨਵੇਂ ਆਏ ਵਿਦਿਆਰਥੀਆਂ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਅਨੁਸ਼ਾਸਨ ਅਪਣਾਉਣਾ ਅਤੇ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨਾ ਹੁੰਦੀ ਹੈ। ਇਸ ਦੇ ਨਾਲ ਹੀ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਹੀ ਮਾਰਗਦਰਸ਼ਨ ਦੇਣ, ਆਪਣੇ ਅਧਿਆਪਕਾਂ ਅਤੇ ਸਹਿਪਾਠੀਆਂ ਦਾ ਸਤਿਕਾਰ ਕਰਨਾ ਸਿਖਾਉਣ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ।

ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਵਿਦਿਆਰਥੀਆਂ ਨਾਲ ਸਮਾਨ ਵਿਵਹਾਰ ਕਰਦੇ ਹੋਏ ਉਨ੍ਹਾਂ ਨੂੰ ਸਮੇਂ ਦਾ ਪਾਬੰਦ ਬਣਨ, ਸਕੂਲ ਦਾ ਕੰਮ ਨਿਯਮਿਤ ਕਰਨ ਅਤੇ ਸਕੂਲ ਦੀ ਸੰਪਤੀ ਦੀ ਸੰਭਾਲ ਕਰਨ ਲਈ ਪ੍ਰੇਰਿਤ ਕਰਨ। ਇਸ ਤੋਂ ਇਲਾਵਾ ਵਿਦਿਆਰਥੀਆਂ ਵਿੱਚ ਆਪਸੀ ਪਿਆਰ, ਸਹਿਯੋਗ ਅਤੇ ਮਿਲਵਰਤਣ ਦੀ ਭਾਵਨਾ ਪੈਦਾ ਕਰਨਾ ਵੀ ਬਹੁਤ ਜ਼ਰੂਰੀ ਹੈ।

ਅਧਿਆਪਕਾਂ ਦੀ ਜ਼ਿੰਮੇਵਾਰੀ ਸਿਰਫ਼ ਕਿਤਾਬੀ ਗਿਆਨ ਦੇਣ ਤੱਕ ਸੀਮਿਤ ਨਹੀਂ ਹੁੰਦੀ, ਸਗੋਂ ਉਹ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਤਾ ਵੀ ਹੁੰਦੇ ਹਨ। ਇੱਕ ਚੰਗਾ ਅਧਿਆਪਕ ਨਵੇਂ ਵਿਦਿਆਰਥੀਆਂ ਨੂੰ ਪਿਆਰ ਅਤੇ ਹਮਦਰਦੀ ਨਾਲ ਸਵੀਕਾਰ ਕਰਦਾ ਹੈ ਤਾਂ ਜੋ ਉਹ ਸਕੂਲ ਦੇ ਮਾਹੌਲ ਵਿੱਚ ਆਪਣੇ ਆਪ ਨੂੰ ਸਹਿਜ ਮਹਿਸੂਸ ਕਰ ਸਕਣ। ਹਰ ਬੱਚੇ ਦੀ ਯੋਗਤਾ ਨੂੰ ਪਛਾਣ ਕੇ ਉਸਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਇੱਕ ਅਧਿਆਪਕ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

ਜਦੋਂ ਅਧਿਆਪਕ ਅਤੇ ਵਿਦਿਆਰਥੀ ਦੋਵੇਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹਨ, ਤਦੋਂ ਹੀ ਇੱਕ ਚੰਗੇ ਅਤੇ ਸਿਹਤਮੰਦ ਵਿਦਿਅਕ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਹੈ।



**ਦੀਦਾਰ ਸਿੰਘ, ਪੰਜਾਬੀ ਲੈਕਚਰਾਰ**
**ਸ.ਸ.ਸ.ਸ ਪਰਮਜੀਤਪੁਰ (ਕਪੂਰਥਲਾ)**

# ਕਾਵਿ-ਸਿਰਜਣਾ ਦਾ ਸੂਖਮ ਸੁਹਜ ਅਤੇ ਮਾਨਵੀ ਹੋਂਦ ਦੀ ਤਲਾਸ਼: 'ਟਹਿਣੀਓ ਟੁੱਟੇ ਫੁੱਲ'

**ਪੁਸਤਕ: ਟਹਿਣੀਓਂ ਟੁੱਟੇ ਫੁੱਲ (ਕਾਵਿ-ਸੰਗ੍ਰਹਿ)**
**ਲੇਖਕ: ਰਣਜੀਤ ਆਜ਼ਾਦ ਕਾਂਝਲਾ**
**ਕੀਮਤ: 150 ਰੁਪਏ, ਕੁੱਲ ਪੰਨੇ: 100**
**ਪ੍ਰਕਾਸ਼ਕ: ਸਾਹਿਤ ਕਲਸ ਪਬਲੀਕੇਸ਼ਨ, ਪਟਿਆਲਾ**
**ਸਮੀਖਿਆਕਾਰ: ਪ੍ਰੋ. ਪਵਨ ਖਿੱਚੀ, ਮਾਨਸਾ**

ਕਵਿਤਾ ਮਹਿਜ਼ ਸ਼ਬਦਾਂ ਦਾ ਸੰਗਠਨ ਨਹੀਂ, ਸਗੋਂ ਇਹ ਚੁੱਪ ਅਤੇ ਅਵਾਜ਼ ਦੇ ਵਿਚਕਾਰਲੇ ਉਸ ਅਣਕਹੇ ਪੁਲ ਦੀ ਉਸਾਰੀ ਹੈ, ਜਿਸ 'ਤੇ ਚੱਲ ਕੇ ਮਨੁੱਖ ਆਪਣੇ ਅੰਦਰਲੇ ਬ੍ਰਹਿਮੰਡ ਦੀ ਯਾਤਰਾ ਕਰਦਾ ਹੈ। ਜਦੋਂ ਕੋਈ ਸੰਵੇਦਨਸ਼ੀਲ ਰੂਹ ਆਪਣੇ ਅਨੁਭਵ ਨੂੰ ਕਾਵਿਕ ਰੂਪਕਾਂ ਵਿੱਚ ਢਾਲਦੀ ਹੈ, ਤਾਂ ਉਹ ਸਿਰਫ਼ ਸਫ਼ੇ ਕਾਲੇ ਨਹੀਂ ਕਰਦੀ, ਸਗੋਂ ਸਮੇਂ ਦੀ ਹਿੱਕ 'ਤੇ ਮਾਨਵੀ ਹੋਂਦ ਦੇ ਅਰਥ ਉਕਰਦੀ ਹੈ। ਪੰਜਾਬੀ ਸਾਹਿਤ ਜਗਤ ਵਿੱਚ ਇੱਕ 'ਸਰਬਾਂਗੀ ਲੇਖਕ' ਵਜੋਂ ਪਛਾਣ ਬਣਾ ਚੁੱਕੇ ਰਣਜੀਤ ਆਜ਼ਾਦ ਕਾਂਝਲਾ ਦਾ ਨਵਾਂ ਕਾਵਿ-ਸੰਗ੍ਰਹਿ 'ਟਹਿਣੀਓਂ ਟੁੱਟੇ ਫੁੱਲ' (2025) ਇਸੇ ਦਿਸ਼ਾ ਵੱਲ ਇੱਕ ਸਾਰਥਕ ਕਦਮ ਹੈ।

ਇਹ ਰਣਜੀਤ ਆਜ਼ਾਦ ਕਾਂਝਲਾ ਦੀ ਚੌਥੀ ਪੁਸਤਕ ਹੈ, ਜਦਕਿ ਉਨ੍ਹਾਂ ਦੇ ਨੌਂ ਹੋਰ ਖਰੜੇ ਵੱਖ-ਵੱਖ ਵਿਧਾਵਾਂ ਵਿੱਚ ਛਪਣਹਿੱਤ ਤਿਆਰ ਪਏ ਹਨ, ਜੋ ਉਨ੍ਹਾਂ ਦੀ ਨਿਰੰਤਰ ਸਾਹਿਤਕ ਸਾਧਨਾ ਅਤੇ ਬਹੁ-ਪੱਖੀ ਸ਼ਖ਼ਸੀਅਤ ਦਾ ਪ੍ਰਮਾਣ ਹਨ। ਇਸ ਪੁਸਤਕ ਨੂੰ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਇਹ ਰਚਨਾਵਾਂ ਵਰਤਮਾਨ ਦੌਰ ਦੀਆਂ ਤ੍ਰਾਸਦੀਆਂ, ਸੱਭਿਆਚਾਰਕ ਟੁੱਟ-ਭੱਜ ਅਤੇ ਮਨੁੱਖੀ ਜਜ਼ਬਿਆਂ ਦਾ ਇੱਕ ਜਿਊਂਦਾ-ਜਾਗਦਾ ਦਸਤਾਵੇਜ਼ ਹਨ। ਕਾਂਝਲਾ ਨੇ ਆਪਣੀ ਕਲਮ ਰਾਹੀਂ ਸਮਾਜਿਕ ਸਰੋਕਾਰਾਂ ਅਤੇ ਮਨੁੱਖੀ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਬੜੀ ਸ਼ਿੱਦਤ ਨਾਲ ਫਰੋਲਿਆ ਹੈ। ਅਦਬ ਅਤੇ ਮੋਹ ਦੀ ਭਾਵਨਾ ਨਾਲ ਲਬਰੇਜ਼ ਇਹ ਸੰਗ੍ਰਹਿ ਪਾਠਕ ਨੂੰ ਅੰਦਰੂਨੀ ਤੇ ਬਾਹਰੀ ਜਗਤ ਦੇ ਰੂ-ਬਰੂ ਕਰਵਾਉਣ ਦੇ ਸਮਰੱਥ ਹੈ।

ਸਿਰਲੇਖ ਦੀ ਪ੍ਰਤੀਕਾਤਮਕ ਗਹਿਰਾਈ, ਹੋਂਦ ਦਾ ਦਰਸ਼ਨ: ਪੁਸਤਕ ਦਾ ਸਿਰਲੇਖ 'ਟਹਿਣੀਓ ਟੁੱਟੇ ਫੁੱਲ' ਆਪਣੇ ਆਪ ਵਿੱਚ ਇੱਕ ਡੂੰਘਾ ਹੋਂਦਮੁਖੀ ਪ੍ਰਵਚਨ ਹੈ। ਇੱਥੇ 'ਟਹਿਣੀ' ਮਨੁੱਖ ਦੀਆਂ ਸਮਾਜਿਕ ਜੜ੍ਹਾਂ, ਪਰਿਵਾਰਕ ਸਾਂਝਾਂ ਅਤੇ ਸੱਭਿਆਚਾਰਕ ਵਿਰਸੇ ਦਾ ਪ੍ਰਤੀਕ ਹੈ। 'ਟੁੱਟੇ ਫੁੱਲ' ਉਸ ਆਧੁਨਿਕ ਮਨੁੱਖ ਦੀ ਤਸਵੀਰ ਪੇਸ਼ ਕਰਦੇ ਹਨ ਜੋ ਵਿਕਾਸ ਅਤੇ ਮਸ਼ੀਨੀਕਰਨ ਦੀ ਦੌੜ ਵਿੱਚ ਆਪਣੇ ਵਜੂਦ ਤੋਂ ਅਲੱਗ ਹੋ ਚੁੱਕਾ ਹੈ। ਕਾਂਝਲਾ ਦੀ ਕਵਿਤਾ ਇਸ ਵਿਛੋੜੇ ਦੇ ਦੁੱਖ ਨੂੰ ਕੇਵਲ ਰੁਦਨ ਵਜੋਂ ਨਹੀਂ ਪੇਸ਼ ਕਰਦੀ, ਸਗੋਂ ਉਹ ਉਸ 'ਮਹਿਕ' ਦੀ ਗੱਲ ਕਰਦੀ ਹੈ ਜੋ ਟੁੱਟ ਕੇ ਵੀ ਫ਼ਿਜ਼ਾ ਵਿੱਚ ਬਾਕੀ ਰਹਿੰਦੀ ਹੈ, ਯਾਨੀ ਕਿ ਮਨੁੱਖਤਾ ਦੇ ਉਹ ਗੁਣ ਜੋ ਹਰ ਹਾਲ ਵਿੱਚ ਕਾਇਮ ਰਹਿਣੇ ਚਾਹੀਦੇ ਹਨ।

ਸਮਾਜਿਕ ਚੇਤਨਾ ਅਤੇ ਵਿਅੰਗਮਈ ਸੁਰ: ਕਾਂਝਲਾ ਦੀ ਕਲਮ ਸਮਾਜਿਕ ਵਿਸੰਗਤੀਆਂ 'ਤੇ ਬੜੀ ਬੇਬਾਕੀ ਨਾਲ ਚੱਲਦੀ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਵਿੱਚ ਜਿੱਥੇ ਕਲਾਤਮਕ ਸੁਹਜ ਹੈ, ਉੱਥੇ ਹੀ ਸਿਸਟਮ ਦੇ ਖੋਖਲੇਪਣ ਵਿਰੁੱਧ ਇੱਕ ਤਿੱਖਾ ਰੋਸ ਵੀ ਹੈ। 'ਭ੍ਰਿਸ਼ਟਾਚਾਰ ਤੇਰੀ ਜੈ' ਅਤੇ 'ਦਲ ਬਦਲੂ' ਵਰਗੀਆਂ ਰਚਨਾਵਾਂ ਸਿੱਧੇ ਤੌਰ 'ਤੇ ਰਾਜਨੀਤਿਕ ਅਨੈਤਿਕਤਾ 'ਤੇ ਚੋਟ ਕਰਦੀਆਂ ਹਨ। 'ਕਿਸ਼ਤਾਂ 'ਚ ਮਰਦੇ' ਰਾਹੀਂ ਕਵੀ ਨੇ ਅਜੋਕੇ ਉਪਭੋਗਤਾਵਾਦੀ ਸਮਾਜ ਦੀ ਉਸ ਤ੍ਰਾਸਦੀ ਨੂੰ ਬਿਆਨ ਕੀਤਾ ਹੈ, ਜਿੱਥੇ ਮਨੁੱਖ ਚੀਜ਼ਾਂ ਇਕੱਠੀਆਂ ਕਰਦਾ-ਕਰਦਾ ਖ਼ੁਦ ਇੱਕ ਵਸਤੂ ਬਣ ਕੇ ਰਹਿ ਗਿਆ ਹੈ।





ਰਣਜੀਤ ਆਜ਼ਾਦ ਕਾਂਝਲਾ

ਉਨ੍ਹਾਂ ਦੀ ਕਵਿਤਾ ਵਿੱਚ 'ਸ਼ਬਦ' ਸਿਰਫ਼ ਪ੍ਰਗਟਾਵੇ ਦਾ ਸਾਧਨ ਨਹੀਂ, ਸਗੋਂ ਸਮਾਜਿਕ ਸੱਚਾਈ ਨਾਲ ਟਕਰਾਉਂਦੀ ਹੋਈ ਚੇਤਨਾ ਦਾ ਹਥਿਆਰ ਬਣਦੇ ਹਨ।

ਰਿਸ਼ਤਿਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ: ਇਸ ਸੰਗ੍ਰਹਿ ਵਿੱਚ ਪੀੜ੍ਹੀ-ਪਾੜੇ ਅਤੇ ਰਿਸ਼ਤਿਆਂ ਵਿੱਚ ਆਈ ਨੀਰਸਤਾ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਚਿਤਰਿਆ ਗਿਆ ਹੈ। ਕਵੀ ਜਦੋਂ 'ਅਜੋਕੇ ਸਰਵਣਾਂ' ਦੀ ਗੱਲ ਕਰਦਾ ਹੈ, ਤਾਂ ਉਹ ਮਿਥਿਹਾਸਕ ਸੰਦਰਭਾਂ ਨੂੰ ਵਰਤਮਾਨ ਦੀ ਕੜਵੀ ਹਕੀਕਤ ਨਾਲ ਜੋੜਦਾ ਹੈ। ਮਾਪਿਆਂ ਪ੍ਰਤੀ ਬੇਮੁੱਖ ਹੁੰਦੀ ਨੌਜਵਾਨ ਪੀੜ੍ਹੀ ਅਤੇ ਬਿਰਧ ਅੱਖਾਂ ਵਿੱਚ ਤਰਦੇ ਸੁਪਨਿਆਂ ਦਾ ਵਰਣਨ ਪਾਠਕ ਨੂੰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਇਹ ਕਵਿਤਾਵਾਂ ਪਾਠਕ ਨੂੰ ਸਵੈ-ਪੜਚੋਲ ਕਰਨ ਲਈ ਮਜਬੂਰ ਕਰਦੀਆਂ ਹਨ।

ਪੰਜਾਬੀਅਤ ਅਤੇ ਸੱਭਿਆਚਾਰਕ ਮੋਹ: ਪੁਸਤਕ ਦਾ ਇੱਕ ਵੱਡਾ ਹਿੱਸਾ ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਹੈ। 'ਮਾਂ ਬੋਲੀ ਪੰਜਾਬੀ' ਅਤੇ 'ਪੰਜਾਬ ਦੇ ਜਾਏ' ਵਰਗੀਆਂ ਰਚਨਾਵਾਂ ਰਾਹੀਂ ਕਾਂਝਲਾ ਨੇ ਸੱਭਿਆਚਾਰਕ ਗੁਲਾਮੀ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਉਹ ਮਾਲਵੇ ਦੀ ਮਿੱਟੀ ਦੀ ਮਹਿਕ ਅਤੇ ਪੰਜਾਬੀ ਮੁਹਾਵਰੇ ਨੂੰ ਬੜੀ ਖ਼ੂਬਸੂਰਤੀ ਨਾਲ ਆਪਣੀ ਗ਼ਜ਼ਲਕਾਰੀ ਵਿੱਚ ਪਰੋਂਦੇ ਹਨ। ਉਨ੍ਹਾਂ ਦਾ ਕਾਵਿ-ਨਾਇਕ ਇਕ ਅਜਿਹਾ ਫ਼ਕੀਰ ਹੈ ਜੋ ਦੁਨੀਆ ਦੇ ਝੂਠੇ ਰੰਗ-ਤਮਾਸ਼ਿਆਂ ਨੂੰ ਵੇਖਦਾ ਵੀ ਹੈ ਅਤੇ ਉਨ੍ਹਾਂ ਤੋਂ ਨਿਰਲੇਪ ਰਹਿ ਕੇ ਸੱਚ ਦਾ ਹੋਕਾ ਵੀ ਦਿੰਦਾ ਹੈ।

ਕਲਾਤਮਕ ਬਣਤਰ ਅਤੇ ਭਾਸ਼ਾ ਸ਼ੈਲੀ: ਕਾਂਝਲਾ ਨੇ ਇਸ ਸੰਗ੍ਰਹਿ ਵਿੱਚ ਗ਼ਜ਼ਲ, ਗੀਤ ਅਤੇ ਕਵਿਤਾ ਦੇ ਵਿਭਿੰਨ ਰੂਪਾਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਦੀ ਭਾਸ਼ਾ ਵਿੱਚ ਸਾਦਗੀ ਹੈ, ਪਰ ਇਹ ਸਾਦਗੀ ਵਿਚਾਰਾਂ ਦੀ ਗਹਿਰਾਈ ਨੂੰ ਛੁਪਾਉਂਦੀ ਨਹੀਂ, ਸਗੋਂ ਹੋਰ ਉਘਾੜਦੀ ਹੈ।

ਛੰਦ-ਬੰਦੀ: ਗ਼ਜ਼ਲ ਦੀਆਂ ਤਕਨੀਕੀ ਬਾਰੀਕੀਆਂ (ਬਹਿਰ, ਕਾਫ਼ੀਆ, ਰਦੀਫ਼) 'ਤੇ ਉਨ੍ਹਾਂ ਦੀ ਪਕੜ ਮਜ਼ਬੂਤ ਹੈ।

ਬਿੰਬਾਵਲੀ: "ਅੱਖਾਂ ਦੀ ਚਮਕ ਮੱਠੀ ਪੈਣੀ" ਜਾਂ "ਮਨ ਦੇ ਵਿਹੜੇ ਦਾ ਵਲੂੰਧਰਿਆ ਜਾਣਾ" ਵਰਗੇ ਦੇਸੀ ਅਤੇ ਮੌਲਿਕ ਬਿੰਬ ਉਨ੍ਹਾਂ ਦੀ ਕਵਿਤਾ ਨੂੰ ਦ੍ਰਿਸ਼ਗੋਚਰ ਬਣਾਉਂਦੇ ਹਨ।

ਪੇਸ਼ਕਾਰੀ: ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ ਵੱਲੋਂ ਪੁਸਤਕ ਦੀ ਛਪਾਈ ਅਤੇ ਬਾਹਰੀ ਦਿੱਖ ਵਿੱਚ ਇੱਕ ਸਾਹਿਤਕ ਗੰਭੀਰਤਾ ਨਜ਼ਰ ਆਉਂਦੀ ਹੈ।

ਰਣਜੀਤ ਆਜ਼ਾਦ ਕਾਂਝਲਾ ਦੀ ਪੁਸਤਕ 'ਟਹਿਣੀਓ ਟੁੱਟੇ ਫੁੱਲ' ਪੰਜਾਬੀ ਕਾਵਿ-ਜਗਤ ਵਿੱਚ ਇੱਕ ਮਹੱਤਵਪੂਰਨ ਹਸਤਾਖ਼ਰ ਹੈ। ਇਹ ਪੁਸਤਕ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਅਜੋਕੇ ਦੌਰ ਦੇ ਸੰਕਟਾਂ ਨੂੰ ਸਮਝਣ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਪ੍ਰੇਰਨਾ-ਸਰੋਤ ਹੈ। ਕਾਂਝਲਾ ਨੇ ਪੰਜ ਦਹਾਕਿਆਂ ਦੇ ਆਪਣੇ ਸਾਹਿਤਕ ਅਨੁਭਵ ਨੂੰ ਇਨ੍ਹਾਂ ਸਤਰਾਂ ਵਿੱਚ ਨਿਚੋੜ ਕੇ ਰੱਖ ਦਿੱਤਾ ਹੈ। ਇਹ 'ਫੁੱਲ' ਭਾਵੇਂ ਟਹਿਣੀਓਂ ਟੁੱਟੇ ਹੋਏ ਪ੍ਰਤੀਤ ਹੁੰਦੇ ਹਨ, ਪਰ ਆਪਣੀ ਕਾਵਿਕ ਮਹਿਕ ਨਾਲ ਇਹ ਪਾਠਕਾਂ ਦੇ ਹਿਰਦਿਆਂ ਨੂੰ ਹਮੇਸ਼ਾ ਸਰਸ਼ਾਰ ਕਰਦੇ ਰਹਿਣਗੇ।

ਪੁਸਤਕ ਪ੍ਰਾਪਤੀ ਅਤੇ ਜਾਣਕਾਰੀ ਲਈ ਸੰਪਰਕ: ਇਹ ਕਾਵਿ-ਸੰਗ੍ਰਹਿ ਮਨੁੱਖੀ ਭਾਵਨਾਵਾਂ ਦੇ ਨਾਜ਼ੁਕ ਰੰਗਾਂ ਨੂੰ ਸ਼ਬਦਾਂ ਵਿੱਚ ਪਿਰੋਣ ਵਾਲੀ ਇੱਕ ਅਨੋਖੀ ਕੋਸ਼ਿਸ਼ ਹੈ। "ਟਹਿਣੀਓ ਟੁੱਟੇ ਫੁੱਲ" ਵਿੱਚ ਹਰ ਕਵਿਤਾ ਇੱਕ ਟੁੱਟੇ ਸੁਪਨੇ ਦੀ ਖ਼ੁਸ਼ਬੂ ਵਾਂਗ ਹੈ, ਜੋ ਦਰਦ ਵੀ ਦਿੰਦੀ ਹੈ ਤੇ ਸੁੰਦਰਤਾ ਵੀ ਬਖ਼ਸ਼ਦੀ ਹੈ। ਕਵੀ ਨੇ ਆਪਣੇ ਅਨੁਭਵਾਂ ਨੂੰ ਸਧਾਰਣ ਪਰ ਗਹਿਰੇ ਅਰਥਾਂ ਨਾਲ ਰਚਿਆ ਹੈ, ਜੋ ਪਾਠਕ ਦੇ ਦਿਲ ਨੂੰ ਛੂਹ ਜਾਂਦੇ ਹਨ।

ਇਹ ਪੁਸਤਕ ਉਹਨਾਂ ਲਈ ਖਾਸ ਹੈ ਜੋ ਸ਼ਬਦਾਂ ਵਿੱਚ ਜੀਵਨ ਦੀ ਸੱਚਾਈ, ਸੰਘਰਸ਼ ਅਤੇ ਪ੍ਰੇਮ ਦੀ ਝਲਕ ਲੱਭਦੇ ਹਨ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਸਵਿਫਟ ਕਰੰਟ ਦੀ ਲੜਕੀ ਬਣੀ 'ਨੈਸ਼ਨਲ ਮਾਡਲ ਆਫ਼ ਦਿ ਯੀਅਰ'

**ਵੈਨਕੂਵਰ, ਮਈ (ਮਲਕੀਤ ਸਿੰਘ)** - ਕੈਨੇਡਾ ਦੇ ਸਸਕਾਚਵਨ ਸੂਬੇ ਦੇ ਸ਼ਹਿਰ ਸਵਿਫਟ ਕਰੰਟ ਨਾਲ ਸੰਬੰਧਿਤ ਇੱਕ ਨੌਜਵਾਨ ਲੜਕੀ ਨੇ ਮਾਡਲਿੰਗ ਦੀ ਦੁਨੀਆ ਵਿੱਚ ਵੱਡੀ ਉਪਲਬਧੀ ਹਾਸਲ ਕਰਦਿਆਂ 'ਨੈਸ਼ਨਲ ਮਾਡਲ ਆਫ਼ ਦਿ ਯੀਅਰ' ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹੈਲੀ ਸਾਇਮਨਜ਼ ਨਾਮਕ ਇਸ ਲੜਕੀ ਨੇ ਟੋਰਾਂਟੋ ਵਿੱਚ ਹੋਏ ਕੈਨੇਡੀਅਨ ਮਾਡਲ ਐਂਡ ਟੈਲੈਂਟ ਕਨਵੈਨਸ਼ਨ (ਸੀਐਮਟੀਸੀ) ਦੌਰਾਨ ਇਹ ਮਾਣ ਹਾਸਲ ਕੀਤਾ। ਦਿਲਚਸਪ ਗੱਲ ਇਹ ਹੈ ਕਿ ਹੈਲੀ ਨੇ ਪਿਛਲੇ ਸਾਲ ਨਵੰਬਰ ਤੋਂ ਪਹਿਲਾਂ ਕਦੇ ਵੀ ਮਾਡਲਿੰਗ ਨਹੀਂ ਕੀਤੀ ਸੀ, ਪਰ ਥੋੜ੍ਹੇ ਹੀ ਸਮੇਂ ਵਿੱਚ ਉਸਨੇ ਆਪਣੀ ਕਾਬਲੀਅਤ ਨਾਲ ਸਭ ਨੂੰ ਪ੍ਰਭਾਵਿਤ ਕਰ ਦਿੱਤਾ। ਦਮੁਕਾਬਲੇ ਦੌਰਾਨ ਹੈਲੀ ਸਾਇਮਨਜ਼ ਨੂੰ ਜਦੋਂ ਜੇਤੂ ਐਲਾਨਿਆ ਗਿਆ ਤਾਂ ਉਹ ਖੁਸ਼ੀ ਨਾਲ ਝੂਮ ਉਠੀ। ਉਸਨੇ



ਹੈਲੀ ਸਾਈਮਨਜ ਦੀ ਇੱਕ ਤਸਵੀਰ।

ਦੱਸਿਆ ਕਿ ਉਹ ਬੈਕਸਟੇਜ 'ਤੇ ਜਿੱਤ ਬਾਰੇ ਨਹੀਂ, ਸਗੋਂ ਖਾਣੇ ਬਾਰੇ ਸੋਚ ਰਹੀ ਸੀ ਅਤੇ ਉਸਨੂੰ ਬਿਲਕੁਲ ਵੀ ਉਮੀਦ ਨਹੀਂ ਸੀ ਕਿ ਉਹ ਇਹ ਵੱਡਾ ਖਿਤਾਬ ਜਿੱਤੇਗੀ।

ਦੱਸਿਆ ਜਾ ਰਿਹਾ ਹੈ ਕਿ ਇਸ ਮੁਕਾਬਲੇ ਵਿੱਚ ਦੇਸ਼ ਭਰ ਤੋਂ ਨੌਜਵਾਨ ਮਾਡਲਾਂ ਅਤੇ ਟੈਲੈਂਟ ਭਾਗੀਦਾਰਾਂ ਨੇ ਹਿੱਸਾ ਲਿਆ ਸੀ। ਹੈਲੀ ਦੀ ਇਸ ਉਪਲਬਧੀ ਮਗਰੋਂ ਸਵਿਫਟ ਕਰੰਟ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਹੈ ਅਤੇ ਲੋਕ ਉਸਨੂੰ ਵਧਾਈਆਂ ਦੇ ਰਹੇ ਹਨ।

# ਕੈਨੇਡਾ ਚ ਪਹਿਲੇ 'ਐਂਡੀਜ਼ ਹੰਟਾਵਾਇਰਸ' ਮਾਮਲੇ ਦੀ ਪੁਸ਼ਟੀ

**ਵੈਨਕੂਵਰ, ਮਈ (ਮਲਕੀਤ ਸਿੰਘ)** - ਕੈਨੇਡਾ ਵਿੱਚ ਪਹਿਲੀ ਵਾਰ ਦੁਰਲੱਭ 'ਐਂਡੀਜ਼ ਹੰਟਾਵਾਇਰਸ' ਦਾ ਮਾਮਲਾ ਸਾਹਮਣੇ ਆਇਆ ਹੈ। ਸਿਹਤ ਅਧਿਕਾਰੀਆਂ ਅਨੁਸਾਰ ਇਹ ਮਾਮਲਾ ਯੂਕੋਨ ਦੇ ਇੱਕ ਨਿਵਾਸੀ ਵਿੱਚ ਪਾਇਆ ਗਿਆ ਹੈ, ਜੋ ਇਸ ਸਮੇਂ ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਇੱਕ ਹਸਪਤਾਲ ਵਿੱਚ ਇਕਾਂਤਵਾਸ ਦੌਰਾਨ ਇਲਾਜ ਅਧੀਨ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਵਿਅਕਤੀ ਨੇ ਇਹ ਵਾਇਰਸ ਅੰਟਾਰਕਟਿਕਾ ਜਾ ਰਹੇ ਇੱਕ ਕਰੂਜ਼ ਜਹਾਜ਼ ਦੌਰਾਨ ਸੰਕਰਮਿਤ ਹੋ ਕੇ ਲਿਆ ਸੀ। ਵਿਸ਼ਵ ਸਿਹਤ ਸੰਸਥਾ ਅਨੁਸਾਰ 'ਐਂਡੀਜ਼ ਹੰਟਾਵਾਇਰਸ' ਦੀ ਇਹ ਕਿਸਮ ਮਨੁੱਖ ਤੋਂ ਮਨੁੱਖ ਵਿੱਚ ਫੈਲ ਸਕਦੀ ਹੈ। ਹਾਲਾਂਕਿ ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਆਮ ਲੋਕਾਂ ਲਈ ਖ਼ਤਰਾ ਇਸ ਵੇਲੇ ਘੱਟ ਮੰਨਿਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਸਾਵਧਾਨੀ ਵਜੋਂ ਹੋਰ ਨੌਂ ਵਿਅਕਤੀਆਂ ਨੂੰ ਵੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਲੱਛਣ ਨਜ਼ਰ ਆਉਣ 'ਤੇ ਤੁਰੰਤ ਡਾਕਟਰੀ ਸਲਾਹ ਲੈਣ ਦੀ ਅਪੀਲ ਕੀਤੀ ਗਈ ਹੈ।

# ਡਾਸਨ ਸਿਟੀ ਵਿੱਚ ਭਿਆਨਕ ਅੱਗ ਕਾਰਨ ਇਤਿਹਾਸਕ ਹੋਟਲ ਸੁਆਹ

**ਵੈਨਕੂਵਰ, 17 ਮਈ (ਮਲਕੀਤ ਸਿੰਘ)** - ਕੈਨੇਡਾ ਦੇ ਯੂਕੋਨ ਖੇਤਰ ਦੇ ਡਾਸਨ ਸਿਟੀ ਵਿੱਚ ਵਾਪਰੀ ਭਿਆਨਕ ਅੱਗ ਦੀ ਘਟਨਾ ਦੌਰਾਨ ਸ਼ਹਿਰ ਦਾ ਪ੍ਰਸਿੱਧ ਅਤੇ ਇਤਿਹਾਸਕ ਵੈਸਟਮਿਨਸਟਰ ਹੋਟਲ ਪੂਰੀ ਤਰ੍ਹਾਂ ਤਬਾਹ ਹੋ ਗਿਆ। ਇਸ ਘਟਨਾ ਮਗਰੋਂ ਸਥਾਨਕ ਲੋਕਾਂ ਵਿੱਚ ਗਹਿਰਾ ਦੁੱਖ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ।

'ਦ ਪਿਟ' ਦੇ ਨਾਂ ਨਾਲ ਮਸ਼ਹੂਰ ਵੈਸਟਮਿਨਸਟਰ ਹੋਟਲ ਵਿੱਚ ਐਤਵਾਰ ਸਵੇਰੇ ਅੱਗ ਲੱਗ ਗਈ, ਜਿਸ ਨੇ ਕੁਝ ਹੀ ਸਮੇਂ ਵਿੱਚ ਪੂਰੀ ਇਮਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਇੰਨੀ ਭਿਆਨਕ ਸੀ ਕਿ ਅੱਗ ਬੁਝਾਉ ਕਰਮਚਾਰੀਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਇਸ ਅੱਗ ਨਾਲ ਸ਼ਹਿਰ ਦੀ ਇੱਕ ਇਤਿਹਾਸਕ ਪਛਾਣ ਖਤਮ ਹੋ ਗਈ ਹੈ।

ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਇਲਾਕੇ ਨੂੰ ਘੇਰ ਕੇ ਸੁਰੱਖਿਆ ਪ੍ਰਬੰਧ



ਯੂਕੋਨ ਦੇ ਡਾਸਨ ਸਿਟੀ ਵਿੱਚ ਭਿਆਨਕ ਅੱਗ ਦੌਰਾਨ ਇਤਿਹਾਸਕ ਵੈਸਟਮਿਨਸਟਰ ਹੋਟਲ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਅੱਗ ਬੁਝਾਉ ਕਰਮਚਾਰੀ।

ਵਧਾ ਦਿੱਤੇ ਹਨ। ਫਿਲਹਾਲ ਕਿਸੇ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ, ਪਰ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਸਥਾਨਕ ਲੋਕਾਂ ਅਤੇ ਕਾਰੋਬਾਰੀਆਂ ਨੇ ਇਸ ਘਟਨਾ ਨੂੰ ਡਾਸਨ ਸਿਟੀ ਲਈ ਵੱਡਾ ਝਟਕਾ ਕਰਾਰ ਦਿੱਤਾ ਹੈ। ਕਈ ਲੋਕਾਂ ਨੇ ਸੋਸ਼ਲ ਮੀਡੀਆ ਰਾਹੀਂ ਆਪਣਾ ਦੁੱਖ ਸਾਂਝਾ ਕਰਦਿਆਂ ਇਸ ਇਮਾਰਤ ਨੂੰ ਸ਼ਹਿਰ ਦੀਆਂ ਯਾਦਾਂ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਦੱਸਿਆ।

# ਅਸ਼ੋਕਾ ਬੁੱਧ ਵਿਹਾਰ ਨਕੋਦਰ ਵਿਖੇ ਇੱਕ ਦਿਨਾਂ ਮੈਡੀਟੇਸ਼ਨ ਕੈਂਪ ਲਗਾਇਆ ਗਿਆ - ਰਾਜ ਕੁਮਾਰ ਬੋਧ







**ਸਮਾਜ ਵੀਕਲੀ ਯੂ ਕੇ ਨਕੋਦਰ-** ਅੱਜ ਮਿਤੀ 17-05-2026 ਨੂੰ ਤ੍ਰਿਰਤਨ ਬੋਧ ਮਹਾਂਸੰਘ ਵਲੋਂ ਇੱਕ ਦਿਨਾਂ ਮੈਡੀਟੇਸ਼ਨ ਕੈਂਪ ਅਸੋਕਾ ਬੁੱਧ ਵਿਹਾਰ ਨਕੋਦਰ ਵਿਖੇ ਲਗਾਇਆ ਗਿਆ। ਜਿਸ ਵਿੱਚ ਤਿੰਨ ਧੰਮਾਚਾਰੀਆ ਨੇ ਮੈਡੀਟੇਸ਼ਨ ਕਰਨ ਦੀ ਵਿਧੀ ਵਾਰੇ ਪ੍ਰੈਕਟਿਸ ਕਰਵਾਈ ਅਤੇ ਇਹ ਵੀ ਦੱਸਿਆ ਕਿ ਇਸ ਨੂੰ ਕਰਨ ਨਾਲ ਮਨੁੱਖ ਦੇ ਜੀਵਨ ਵਿੱਚ ਕੀ ਕੀ ਚੰਗੇ ਪ੍ਰਵਰਤਨ ਆਉਂਦੇ ਹਨ ਅਤੇ ਕਿਸ ਪ੍ਰਕਾਰ ਉਹ ਆਪਣੇ ਮਨ ਦਾ ਮਾਲਿਕ ਬਣ ਕੇ ਤ੍ਰਿਸ਼ਨਾ ਮੁਕਤ ਜੀਵਨ ਜੀ ਸਕਦਾ ਹੈ।

ਇਹ ਮੈਡੀਟੇਸ਼ਨ ਕੈਂਪ ਸਵੇਰੇ 10 ਵਜੇ ਤੋਂ ਸ਼ਾਮ ਦੇ 05:00 ਵਜੇ ਤੱਕ ਲਗਾਇਆ ਗਿਆ।

ਠਭੰਸ਼ ਟੀਮ ਵਲੋਂ ਪੰਜਾਬ ਵਿੱਚ ਇਸ ਪ੍ਰਕਾਰ ਦੇ ਇੱਕ, ਦੋ ਅਤੇ ਤਿੰਨ ਦਿਨ ਦੇ ਸਿਵਰ ਲਗਾਉਣ ਲਈ ਤਿਆਰੀ ਅਰੰਭ ਕੀਤੀ ਹੈ।

ਇਸ ਸ੍ਿਰ ਦਾ ਸਾਰਾ ਪ੍ਰਬੰਧ ਰਾਜ ਕੁਮਾਰ ਬੋਧ (ਪ੍ਰਧਾਨ ਵਿਸ਼ਵ ਬੋਧ ਸੰਘ) ਪੰਜਾਬ ਵਲੋਂ ਕੀਤਾ ਗਿਆ ਅਤੇ ਆਏ ਹੋਏ ਧੰਮ ਬੰਧੂਆਂ ਲਈ ਅਤੇ ਧੰਮਾਚਾਰੀਆ ਲਈ ਭੋਜਨ ਦੀ ਸਾਰੀ ਵਿਵਸਥਾ ਕੀਤੀ ਗਈ ਜੋ ਕਿ ਸਭ ਨੈ ਰਲ ਮਿਲ ਬਹੁਤ ਹੀ ਪਿਆਰ ਨਾਲ ਖਾਧਾ।

ਇਸ ਸਿਵਰ ਵਿੱਚ ਫਗਵਾੜੇ, ਜਲੰਧਰ, ਬਠਿੰਡਾ ਅਤੇ ਨਕੋਦਰ ਤੋਂ ਧੰਮ ਦਾ ਲਾਭ ਲੈਣ ਲਈ ਸਭ ਨੇ ਰਲ ਮਿਲ ਮੈਡੀਟੇਸ਼ਨ ਕੀਤੀ।

ਆਖੀਰ ਤੇ ਰਾਜ ਕੁਮਾਰ ਬੋਧ ਜੀ ਨੇ ਆਏ ਹੋਏ ਧੰਮਾਚਾਰੀਆ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਲਾਇਆ ਕਿ ਇਸ ਤਰ੍ਹਾਂ ਦੇ ਧੰਮ ਸਿਵਰ ਭਵਿੱਖ ਵਿੱਚ ਲੱਗਦੇ ਰਹਿਣਗੇ। ਇਸ ਸਿਵਰ ਵਿੱਚ ਸਭ ਨੂੰ ਬਹੁਤ ਕੁਝ ਨਵਾਂ ਸਿਖਣ ਲਈ ਮਿਲਿਆ ਅਤੇ ਮੈਡੀਟੇਸ਼ਨ ਦਾ ਸਭ ਨੇ ਅਭਿਆਸ ਕੀਤਾ।

**ਜੈ ਭੀਮ ਨਮੋ ਬੁਧਾਏ ਜੀ**



# ਕਿਰਤੀ ਤੇ ਸਰਮਾਏਦਾਰੀ




ਸੰਘਰਸ਼ ਚੱਲਦਾ ਆ ਰਿਹਾ, ਕਿਰਤੀਆਂ ਅਤੇ ਸਰਮਾਏਦਾਰਾਂ ਦਾ। ਪਹਿਲੀ ਆਲਮੀ ਜੰਗ ਤੋਂ ਬਾਅਦ, ਮੁੱਦਾ ਉੱਠਿਆ, ਘੱਟ ਉਜਰਤਾਂ ਅਤੇ ਅੱਤਿਆਚਾਰਾਂ ਦਾ। ਪ੍ਰੋਫੈਸਰ ਪ੍ਰੀਤਮ ਸਿੰਘ ਦਸਦੇ ਹਨ, 5 ਮਈ 1818 ਨੂੰ ਮਹਾਨ ਸਿਧਾਂਤਕਾਰ ਕਾਰਲ ਮਾਰਕਸ ਦਾ ਸੀ ਜਨਮ ਦਿਹਾੜਾ। 4ਮਈ ਨੂੰ ਬਰਤਾਨੀਆ ਵਿੱਚ ਹੋਈ ਦੇਸ਼ ਵਿਆਪੀ ਹੜਤਾਲ, ਮਹਿੰਗਾਈ ਅਤੇ ਉਜ਼ਰਤਾਂ ਵਿਚ ਵਧ ਗਿਆ ਪਾੜਾ। ਬਰਤਾਨਵੀ ਆਰਥਿਕਤਾ ਵਿੱਚ ਕੋਲਾ ਉਦਯੋਗ ਸੀ ਮੁੱਖ ਕੜੀ। ਕੋਲਾ ਮਜ਼ਦੂਰਾਂ ਦੀਆਂ ਕੰਮ ਵਾਲੀਆਂ ਥਾਵਾਂ ਦੀ ਮਾੜੀ ਹਾਲਤ ਅਤੇ ਘੱਟ ਉਜਰਤਾਂ, ਸਰਮਾਏਦਾਰੀ ਨਾਲ ਟਕਰਾਓ ਦਾ ਸਬੱਬ ਬਣਿਆ। ਬਰਤਾਨੀਆ ਵਿੱਚ ਕੋਲਾ ਮਜ਼ਦੂਰਾਂ ਦੀ ਹਾਲਤ ਇੰਨੀ ਮਾੜੀ ਸੀ ਕਿ ਹਰ ਸਾਲ ਇੱਕ ਹਜ਼ਾਰ ਮਜ਼ਦੂਰ ਇਨ੍ਹਾਂ ਖਾਣਾਂ ਵਿਚ ਅਪਣੀ ਜਾਨ ਗੰਵਾ ਗਿਆ। ਸਰਮਾਏਦਾਰਾਂ ਕੋਲ ਇਕੱਠੇ ਹੋਏ ਪੈਸੇ ਦਾ ਕੁੱਝ ਹਿੱਸਾ ਕਾਮਿਆਂ ਦੀ ਭਲਾਈ ਲਈ ਵਰਤਿਆ ਜਾਂਦਾ ਤਾਂ ਇਹ ਹਾਲ ਪਾਹਰਿਆ ਨਾ ਹੁੰਦੀ।

ਜਨਰਲ ਹੜਤਾਲ ਦਾ ਆਮ ਜਨਤਾ ਹਮੇਸ਼ਾ ਸਮਰਥਨ ਕਰਦੀ ਹੈ, ਇਸ ਨੂੰ ਸਮਾਜਵਾਦੀ ਇਨ-ਕਲਾਬ ਵਜੋਂ ਦੇਖਿਆ ਜਾਂਦਾ ਹੈ। ਪਰ ਜਦੋਂ ਇਨ੍ਹਾਂ ਦੀ ਉਚ ਕੋਟੀ ਦੀ ਲੀਡਰਸ਼ਿਪ ਜੁਝਾਰੂ ਜਮਾਤ ਨਾਲ ਧ੍ਰੋਹ ਕਮਾਉਂਦੀ ਹੈ। ਕੰਮ ਦੀਆਂ ਹਾਲਤਾਂ ਬਾਰੇ ਕੋਈ ਵੀ ਰਿਆਇਤ ਲਏ ਬਿਨਾਂ ਹੀ ਮਾਲਕਾਂ ਤੇ ਸਰਕਾਰ ਨਾਲ ਸਮਝੌਤਾ ਕਰ ਲਿਆ ਜਾਂਦਾ ਹੈ, ਇਹ ਕਦਮ ਕਿਰਤੀਆਂ ਨੂੰ ਭੈਅਭੀਤ ਕਰਨ ਵਾਲਾ ਹੁੰਦਾ ਹੈ।

ਭਗਤ ਸਿੰਘ 1929-1939 ਦੌਰਾਨ ਆਮ ਹੜਤਾਲ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸਨੇ ਅਪਣੀ ਹਿੰਦੋਸਤਾਨ ਰਿਪਬਲਿਕਨ ਆਰਮੀ ਦਾ ਨਾਂ ਬਦਲ ਕੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਦਾ ਮੰਨਣਾ ਸੀ, ਅਜਿਹੀਆਂ ਹੜਤਾਲਾਂ, ਬਰਤਾਨਵੀ ਸਾਮਰਾਜ ਦੀਆਂ, ਜੜ੍ਹਾਂ ਖੋਖਲਾ ਕਰਨ ਦੀ, ਸਮਰੱਥਾ ਰੱਖਦੀਆਂ ਹਨ। ਜਦੋਂ ਇਸੇ ਸਮੇਂ ਦੌਰਾਨ ਪੂੰਜੀਵਾਦੀ ਦੇਸ਼ਾਂ ਵਿੱਚ ਮਹਾਂਮੰਦੀ ਆਈ, ਉਸ ਸਮੇਂ ਦੇ ਅਰਥਸ਼ਾਸ਼ਤਰੀ ਜੋਹਨ ਮੇਨਾਰਡ ਕੇਨਜ਼ ਨੇ ਆਰਥਿਕ ਸਿਧਾਂਤਾਂ ਅਤੇ ਨੀਤੀਆਂ ਵਿੱਚ ਹਲਚਲ ਪੈਦਾ ਕਰ ਦਿੱਤੀ। ਮਜ਼ਦੂਰ ਜਮਾਤ ਦੀਆਂ ਘੱਟ ਉਜਰਤਾਂ ਨੇ ਉਨ੍ਹਾਂ ਦੀ ਖਰੀਦ ਸ਼ਕਤੀ ਘਟਾ ਦਿੱਤੀ। ਇਹੀ ਕਾਰਨ ਮੰਦੀ ਪੈਦਾ ਕਰਨ ਲਈ ਜ਼ਿੰਮੇਵਾਰ ਹੈ।

ਭਾਰਤ ਵਿੱਚ 1925 ਦੀ ਆਮ ਹੜਤਾਲ ਦੇ ਸਭ ਤੋਂ ਨੇੜੇ ਦੀ1975 ਦੀ ਰੇਲਵੇ ਹੜਤਾਲ ਸੀ, ਜਿਸ ਵਿੱਚ 20 ਲੱਖ ਰੇਲਵੇ ਮੁਲਾਜ਼ਮਾਂ ਨੇ ਹਿੱਸਾ ਲਿਆ ਸੀ।ਇਤਿਹਾਸਕਾਰ ਪ੍ਰੇਰਨਾ ਅਗਰਵਾਲ ਨੇ ਅਪਣੇ ਖੋਜ ਪੇਪਰ ਵਿੱਚ ਡੂੰਘਾ ਅਧਿਐਨ ਕੀਤਾ। ਸਰਕਾਰੀ ਪੂੰਜੀਵਾਦ ਦੇ ਮਾਡਲ ਵਿੱਚ ਕੇਨਜ਼ੀਅਨ ਕਲਿਆਣਕਾਰੀ ਰਾਜ ਦੀਆਂ ਕਈ ਵਿਸ਼ੇਸ਼ਤਾਵਾਂ ਮੌਜੂਦ ਸਨ, ਖਾਸ ਕਰਕੇ ਮਜ਼ਦੂਰ ਪੱਖੀ ਕਾਨੂੰਨਾਂ ਦੇ ਰੂਪ ਵਿੱਚ। ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਤਾਂ ਉਸ ਨੇ ਆਪਣੇ ਪਹਿਲੇ ਪ੍ਰਗਤੀਸ਼ੀਲ ਪੜਾਅ ਦੌਰਾਨ ਮਜ਼ਦੂਰ ਪੱਖੀ ਅਤੇ ਸਮਾਜ ਕਲਿਆਣ ਦੀਆਂ ਨੀਤੀਆਂ ਨੂੰ ਹੋਰ ਮਜ਼ਬੂਤ ਕਰਕੇ ਕਾਂਗਰਸ ਪਾਰਟੀ ਵਿੱਚ ਸੱਜੇ ਪੱਖੀ ਵਿਰੋਧੀਆਂ ਨੂੰ ਪਛਾੜ ਦਿੱਤਾ। ਫਿਰ ਜਦੋਂ ਇੰਦਰਾ ਗਾਂਧੀ ਨੇ ਆਪਣੇ ਵਿਰੋਧੀਆਂ ਨੂੰ ਹਰਾ ਕੇ, ਸੱਤਾ ਉੱਤੇ ਪੂਰੀ ਤਰ੍ਹਾਂ ਪਕੜ ਬਣਾ ਲਈ ਤਾਂ ਭਾਰਤ ਦੇ ਉੱਚ ਪੂੰਜੀਪਤੀ ਵਰਗ ਨੂੰ, ਖੁਸ਼ ਕਰਨ ਦਾ ਰਾਹ ਅਖਤਿਆਰ ਕਰ ਲਿਆ। ਇਹ ਪੂੰਜੀਪਤੀ ਵਰਗ ਪਹਿਲਾਂ ਦੀਆਂ ਮਜ਼ਦੂਰ ਪੱਖੀ ਨੀਤੀਆਂ ਤੋਂ ਨਾਖੁਸ਼ ਸੀ। ਇਸ ਬਦਲੇ ਹੋਏ ਰੁੱਖ ਦਾ ਸਭ ਤੋਂ ਭਿਆਨਕ ਰੂਪ ਹੜਤਾਲੀ ਰੇਲ ਕਰਮਚਾਰੀਆਂ ਤੇ ਕੀਤੇ ਗਏ ਜ਼ਬਰ ਦੌਰਾਨ ਦੇਖਣ ਨੂੰ ਮਿਲਿਆ। ਇਸ ਦੌਰਾਨ 50 ਹਜ਼ਾਰ ਗ੍ਰਿਫਤਾਰੀਆਂ ਹੋਈਆਂ, ਦਸ ਹਜਾਰ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ ਗਿਆ ਅਤੇ 30 ਹਜ਼ਾਰ ਪਰਿਵਾਰਾਂ ਤੋਂ ਰੇਲਵੇ ਕਲੋਨੀਆਂ ਵਿੱਚੋਂ ਰਿਹਾਇਸ਼ ਜ਼ਬਰੀ ਖਾਲੀ ਕਰਵਾ ਲਈ ਗਈ। ਪ੍ਰੇਰਨਾ ਅਗਰਵਾਲ ਬਿਲਕੁਲ ਸਹੀ ਸਿੱਟਾ ਕੱਢਦੀ ਹੈ ਕਿ ਰੇਲਵੇ ਹੜਤਾਲ ਨੂੰ ਬੇਰਹਿਮੀ ਨਾਲ ਕੁਚਲਣਾ, 1975 ਦੀ ਐਮਰਜੈਂਸੀ ਦਾ ਮੁੱਢ ਬੰਨ੍ਹਣ ਵਰਗਾ ਸੀ।

ਸਰਮਾਏਦਾਰੀ ਪ੍ਰਬੰਧ ਵਿੱਚ ਕਿਰਤ ਅਤੇ ਸਰਮਾਏ ਦਾ ਟਕਰਾਅ ਹਮੇਸ਼ਾ ਬਰਕਰਾਰ ਰਹਿੰਦਾ ਹੈ। ਅੱਜ ਇਹ ਟਕਰਾਅ ਹੋਰ ਵੀ ਗੁੰਜਲਦਾਰ ਹੋ ਗਿਆ ਹੈ, ਜਿਸ ਵਿੱਚ ਸਰਮਾਏ ਅਤੇ ਕੁਦਰਤ ਦੀ ਉਹ ਵਿਰੋਧਤਾ ਵੀ ਜੁੜ ਗਈ ਹੈ ਜੋ ਨਵੇਂ ਵਾਤਾਵਰਣ ਸੰਕਟ ਦੇ ਰੂਪ ਵਿੱਚ ਸਾਰੀ ਧਰਤੀ ਲਈ ਵੱਡਾ ਖਤਰਾ ਬਣ ਕੇ ਉੱਭਰੀ ਹੈ।



**ਅਮਰਜੀਤ ਸਿੰਘ ਤੂਰ ਪਿੰਡ**
ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639

# ਸਰੀਰਕ ਕਸਰਤ ਅਤੇ ਤੰਦਰੁਸਤੀ (ਸਿਹਤਮੰਦ ਅਤੇ ਸਰਗਰਮ ਜੀਵਨ ਦੀ ਕੁੰਜੀ)



ਅੱਜ ਦੇ ਤੇਜ਼ ਰਫ਼ਤਾਰੀ ਵਾਲੇ ਯੁੱਗ ਵਿੱਚ ਬਹੁਤ ਸਾਰੇ ਲੋਕ ਲੰਮੇ ਸਮੇਂ ਤੱਕ ਦਫ਼ਤਰਾਂ ਵਿੱਚ ਬੈਠ ਕੇ ਕੰਮ ਕਰਦੇ ਹਨ, ਮੋਬਾਈਲ ਫ਼ੋਨ ਵਰਤਦੇ ਹਨ, ਟੈਲੀਵਿਜ਼ਨ ਦੇਖਦੇ ਹਨ ਜਾਂ ਕੰਪਿਊਟਰਾਂ ਉੱਤੇ ਕੰਮ ਕਰਦੇ ਹਨ। ਇਸ ਜੀਵਨ ਸ਼ੈਲੀ ਨੇ ਸਰੀਰਕ ਗਤੀਵਿਧੀਆਂ ਨੂੰ ਘਟਾ ਦਿੱਤਾ ਹੈ ਅਤੇ ਮੋਟਾਪਾ, ਮਧੁਮੇਹ, ਦਿਲ ਦੀਆਂ ਬਿਮਾਰੀਆਂ, ਤਣਾਅ ਅਤੇ ਕਮਜ਼ੋਰੀ ਵਰਗੀਆਂ ਸਿਹਤ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ। ਦੁਨੀਆ ਭਰ ਦੇ ਸਿਹਤ ਮਾਹਿਰ ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਨਿਯਮਿਤ ਕਸਰਤ ਦੀ ਮਹੱਤਤਾ ‘ਤੇ ਜ਼ੋਰ ਦੇ ਰਹੇ ਹਨ।

ਕਸਰਤ ਸਿਰਫ਼ ਖਿਡਾਰੀਆਂ ਜਾਂ ਖੇਡਾਂ ਨਾਲ ਜੁੜੇ ਲੋਕਾਂ ਲਈ ਹੀ ਮਹੱਤਵਪੂਰਨ ਨਹੀਂ ਹੈ। ਇਹ ਹਰ ਉਮਰ ਦੇ ਲੋਕਾਂ ਲਈ ਲਾਜ਼ਮੀ ਹੈ, ਜਿਸ ਵਿੱਚ ਬੱਚੇ, ਵੱਡੇ ਅਤੇ ਬਜ਼ੁਰਗ ਸਭ ਸ਼ਾਮਲ ਹਨ। ਰੋਜ਼ਾਨਾ ਸਰੀਰਕ ਗਤੀਵਿਧੀ ਸਰੀਰ ਨੂੰ ਸਰਗਰਮ ਰੱਖਦੀ ਹੈ, ਤੰਦਰੁਸਤੀ ਵਿੱਚ ਸੁਧਾਰ ਕਰਦੀ ਹੈ ਅਤੇ ਮਨੁੱਖ ਨੂੰ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜੀਣ ਵਿੱਚ ਮਦਦ ਕਰਦੀ ਹੈ।

ਕਸਰਤ ਦਾ ਅਰਥ ਕਿਸੇ ਵੀ ਐਸੀ ਸਰੀਰਕ ਗਤੀਵਿਧੀ ਨਾਲ ਹੈ ਜੋ ਸਰੀਰ ਦੀ ਤਾਕਤ, ਲਚਕਤਾ, ਸਹਿਨਸ਼ੀਲਤਾ ਅਤੇ ਕੁੱਲ ਕਾਰਗੁਜ਼ਾਰੀ ਨੂੰ ਸੁਧਾਰੇ। ਟਹਿਲਣਾ, ਦੌੜਣਾ, ਸਾਈਕਲ ਚਲਾਉਣਾ, ਯੋਗਾ ਕਰਨਾ, ਤੈਰਨਾਂ, ਸਟਰੈਚਿੰਗ ਕਰਨਾ ਅਤੇ ਬਾਹਰੀ ਖੇਡਾਂ ਖੇਡਣਾ ਸਾਰੇ ਕਸਰਤ ਦੇ ਹੀ ਰੂਪ ਹਨ।

ਕਸਰਤ ਸੌਖੀ ਅਤੇ ਤੰਦਰੁਸਤੀ ਲਈ ਸਹਾਇਕ ਹੋ ਸਕਦੀ ਹੈ। ਇੱਥੋਂ ਤੱਕ ਕਿ ਪੌੜੀਆਂ ਚੜ੍ਹਣਾ, ਬਾਗਬਾਨੀ ਕਰਨਾ ਜਾਂ ਤੇਜ਼ ਕਦਮਾਂ ਨਾਲ ਟਹਿਲਣਾ ਵੀ ਜੇ ਰੋਜ਼ਾਨਾ ਕੀਤਾ ਜਾਵੇ ਤਾਂ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ।

ਕਸਰਤ ਅਤੇ ਤੰਦਰੁਸਤੀ ਦਾ ਆਪਸੀ ਗਹਿਰਾ ਸੰਬੰਧ ਹੈ। ਤੰਦਰੁਸਤੀ ਦਾ ਅਰਥ ਹੈ ਮਨੁੱਖ ਦੀ ਉਹ ਸਮਰੱਥਾ ਜਿਸ ਨਾਲ ਉਹ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਬਿਨਾਂ ਜ਼ਿਆਦਾ ਥਕਾਵਟ ਦੇ ਸੁਚੱਜੇ ਢੰਗ ਨਾਲ ਕਰ ਸਕੇ। ਇੱਕ ਤੰਦਰੁਸਤ ਵਿਅਕਤੀ ਦੇ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ, ਫੇਫੜੇ ਅਤੇ ਦਿਲ ਸਿਹਤਮੰਦ ਹੁੰਦੇ ਹਨ, ਸਰੀਰ ਵਿੱਚ ਲਚਕਤਾ ਅਤੇ ਸੰਤੁਲਨ ਹੁੰਦਾ ਹੈ।

ਨਿਯਮਿਤ ਕਸਰਤ ਸਰੀਰਕ ਤੰਦਰੁਸਤੀ ਦੇ ਹਰ ਪੱਖ ਵਿੱਚ ਸੁਧਾਰ ਕਰਦੀ ਹੈ, ਜਿਵੇਂ ਕਿ—

ਤਾਕਤ: ਕਸਰਤ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਉਂਦੀ ਹੈ।

ਸਹਿਨਸ਼ੀਲਤਾ: ਸਰੀਰਕ ਗਤੀਵਿਧੀ ਸਟੈਮਿਨਾ ਅਤੇ ਊਰਜਾ ਵਿੱਚ ਵਾਧਾ ਕਰਦੀ ਹੈ।

ਲਚਕਤਾ: ਸਟਰੈਚਿੰਗ ਅਤੇ ਯੋਗਾ ਸਰੀਰ ਦੀ ਗਤੀਸ਼ੀਲਤਾ ਵਧਾਉਂਦੇ ਹਨ ਅਤੇ ਜਕੜਨ ਘਟਾਉਂਦੇ ਹਨ।

ਸੰਤੁਲਨ ਅਤੇ ਤਾਲਮੇਲ: ਕਸਰਤ ਸਰੀਰ ਦੇ ਸੰਤੁਲਨ ਅਤੇ ਅਕਸ ਨੂੰ ਸੁਧਾਰਦੀ ਹੈ।

ਵਜ਼ਨ ਨਿਯੰਤਰਣ: ਸਰੀਰਕ ਗਤੀਵਿਧੀਆਂ ਕੈਲੋਰੀਆਂ ਘਟਾਉਂਦੀਆਂ ਹਨ ਅਤੇ ਸਰੀਰ ਦਾ ਸਿਹਤਮੰਦ ਵਜ਼ਨ ਬਣਾਈ ਰੱਖਣ ਵਿੱਚ ਮਦਦ ਕਰਦੀਆਂ ਹਨ।

ਜੋ ਲੋਕ ਰੋਜ਼ਾਨਾ ਕਸਰਤ ਕਰਦੇ ਹਨ, ਉਹ ਆਮ ਤੌਰ ‘ਤੇ ਆਪਣੇ ਕਰਨ ਵਾਲੇ ਕੰਮਾਂ ਵਿੱਚ ਜ਼ਿਆਦਾ ਚੁਸਤ, ਆਤਮਵਿਸ਼ਵਾਸੀ ਅਤੇ ਸਰਗਰਮ ਮਹਿਸੂਸ ਕਰਦੇ ਹਨ।

ਨਿਯਮਿਤ ਅਤੇ ਯੋਜਨਾਬੱਧ ਕਸਰਤ ਰਾਹੀਂ ਸਰੀਰਕ ਤੰਦਰੁਸਤੀ ਵਿੱਚ ਬਹੁਤ ਸੁਧਾਰ ਕੀਤਾ ਜਾ ਸਕਦਾ ਹੈ। ਵੱਖ-ਵੱਖ ਕਿਸਮ ਦੀਆਂ ਕਸਰਤਾਂ ਸਰੀਰ ਨੂੰ ਵੱਖ-ਵੱਖ ਤਰੀਕਿਆਂ ਨਾਲ ਲਾਭ ਪਹੁੰਚਾਉਂਦੀਆਂ ਹਨ।

ਐਰੋਬਿਕ ਕਸਰਤ

ਟਹਿਲਣਾ, ਦੌੜਣਾ, ਤੈਰਨਾ ਅਤੇ ਸਾਈਕਲ ਚਲਾਉਣਾ ਵਰਗੀਆਂ ਗਤੀਵਿਧੀਆਂ ਦਿਲ ਅਤੇ ਫੇਫੜਿਆਂ ਦੀ ਕਾਰਗੁਜ਼ਾਰੀ ਨੂੰ ਸੁਧਾਰਦੀਆਂ ਹਨ। ਇਹ ਕਸਰਤਾਂ ਖੂਨ ਦਾ ਸੰਚਾਰ ਵਧਾਉਂਦੀਆਂ ਹਨ ਅਤੇ ਸਰੀਰ ਨੂੰ ਵੱਧ ਆਕਸੀਜ਼ਨ ਪ੍ਰਦਾਨ ਕਰਦੀਆਂ ਹਨ।

ਤਾਕਤ ਵਧਾਉਣ ਵਾਲੀਆਂ ਕਸਰਤਾਂ

ਪੁਸ਼-ਅੱਪ, ਸਕਵਾਟ ਅਤੇ ਵਜ਼ਨ ਚੁੱਕਣ ਵਰਗੀਆਂ ਕਸਰਤਾਂ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਕਰਦੀਆਂ ਹਨ। ਮਜ਼ਬੂਤ ਮਾਸਪੇਸ਼ੀਆਂ ਸਰੀਰ ਦੇ ਪੋਸਚਰ ਨੂੰ ਸੁਧਾਰਦੀਆਂ ਹਨ ਅਤੇ ਸੱਟਾਂ ਦੇ ਖ਼ਤਰੇ ਨੂੰ ਘਟਾਉਂਦੀਆਂ ਹਨ।

ਲਚਕਤਾ ਵਾਲੀਆਂ ਕਸਰਤਾਂ

ਯੋਗਾ ਅਤੇ ਸਟਰੈਚਿੰਗ ਵਾਲੀਆਂ ਕਸਰਤਾਂ ਸਰੀਰ ਵਿੱਚ ਲਚਕਤਾ ਲਿਆਉਂਦੀਆਂ ਹਨ ਅਤੇ ਮਾਸਪੇਸ਼ੀਆਂ ਦੀ ਜਕੜਨ ਘਟਾਉਂਦੀਆਂ ਹਨ। ਲਚਕੀਲਾ ਸਰੀਰ ਆਸਾਨੀ ਨਾਲ ਹਿਲਜੁਲ ਕਰ ਸਕਦਾ ਹੈ ਅਤੇ ਸਰੀਰਕ ਦਰਦ ਤੋਂ ਬਚਾਉਂਦਾ ਹੈ।

ਸੰਤੁਲਨ ਵਾਲੀਆਂ ਕਸਰਤਾਂ

ਸੰਤੁਲਨ ਵਾਲੀਆਂ ਕਸਰਤਾਂ ਖ਼ਾਸ ਤੌਰ ‘ਤੇ ਬਜ਼ੁਰਗਾਂ ਲਈ ਮਹੱਤਵਪੂਰਨ ਹਨ। ਇਹ ਡਿੱਗਣ ਦੇ ਖ਼ਤਰੇ ਨੂੰ ਘਟਾਉਂਦੀਆਂ ਹਨ ਅਤੇ ਸਰੀਰਕ ਤਾਲਮੇਲ ਵਿੱਚ ਸੁਧਾਰ ਕਰਦੀਆਂ ਹਨ।

ਵਿਸ਼ਾ ਮਾਹਿਰਾਂ ਦੇ ਅਨੁਸਾਰ, ਹਰ ਰੋਜ਼ ਘੱਟੋ-ਘੱਟ 30 ਮਿੰਟ ਦੀ ਨਿਯਮਿਤ ਕਸਰਤ ਸਿਹਤ ਅਤੇ ਤੰਦਰੁਸਤੀ ਵਿੱਚ ਮਹੱਤਵਪੂਰਨ ਸੁਧਾਰ ਲਿਆ ਸਕਦੀ ਹੈ।

ਭਾਵੇਂ ਕਸਰਤ ਬਹੁਤ ਲਾਭਦਾਇਕ ਹੈ, ਪਰ ਕਿਸੇ ਵੀ ਫ਼ਿਟਨੈੱਸ ਰੁਟੀਨ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਸਾਵਧਾਨੀਆਂ ਅਪਣਾਉਣੀਆਂ ਜ਼ਰੂਰੀ ਹਨ। ਅਚਾਨਕ ਜਾਂ ਗਲਤ ਤਰੀਕੇ ਨਾਲ ਕੀਤੀ ਕਸਰਤ ਚੋਟਾਂ ਜਾਂ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਕੁਝ ਮਹੱਤਵਪੂਰਨ ਸਾਵਧਾਨੀਆਂ ਇਹ ਹਨ—

ਸ਼ੁਰੂਆਤ ਹੌਲੀ ਕਰੋ: ਨਵੇਂ ਸਿੱਖਿਆਰਥੀਆਂ ਨੂੰ ਸਲਾਹ ਹੈ ਕਿ ਉਹ ਹਲਕੀ ਕਸਰਤ ਨਾਲ ਸ਼ੁਰੂ ਕਰਨ ਅਤੇ ਹੋਲੀ ਹੋਲੀ ਸਮਾਂ ਅਤੇ ਤੀਬਰਤਾ ਵਧਾਉਣ।

ਵਾਰਮ-ਅੱਪ ਕਰੋ: ਸਟਰੈਚਿੰਗ ਅਤੇ ਵਾਰਮ-ਅੱਪ ਸਰੀਰ ਨੂੰ ਕਸਰਤ ਲਈ ਤਿਆਰ ਕਰਦੇ ਹਨ।

ਆਰਾਮਦਾਇਕ ਕੱਪੜੇ ਪਹਿਨੋ: ਠੀਕ ਜੁੱਤੇ ਅਤੇ ਆਰਾਮਦਾਇਕ ਕੱਪੜੇ ਸੱਟਾਂ ਤੋਂ ਬਚਾਉਂਦੇ ਹਨ।

ਪਾਣੀ ਪੀਓ: ਕਸਰਤ ਦੌਰਾਨ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦਿਓ।

ਲੋੜ ਤੋਂ ਵੱਧ ਕਸਰਤ ਤੋਂ ਬਚੋ: ਬਹੁਤ ਜ਼ਿਆਦਾ ਕਸਰਤ ਮਾਸਪੇਸ਼ੀਆਂ ਦੇ ਦਰਦ, ਥਕਾਵਟ ਜਾਂ ਸੱਟ ਦਾ ਕਾਰਨ ਬਣ ਸਕਦੀ ਹੈ।

ਪੂਰਾ ਆਰਾਮ ਕਰੋ: ਸਰੀਰ ਨੂੰ ਸੁਧਾਰ ਅਤੇ ਮਾਸਪੇਸ਼ੀਆਂ ਦੇ ਵਿਕਾਸ ਲਈ ਆਰਾਮ ਦੀ ਲੋੜ ਹੁੰਦੀ ਹੈ।ਡਾਕਟਰੀ ਸਲਾਹ ਲਵੋ: ਦਿਲ ਦੀ ਬਿਮਾਰੀ, ਦਮਾ, ਸ਼ੂਗਰ ਜਾਂ ਉੱਚ ਖੂਨ ਦਬਾਅ ਵਾਲੇ ਲੋਕਾਂ ਨੂੰ ਭਾਰੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।

ਇਨ੍ਹਾਂ ਸਾਵਧਾਨੀਆਂ ਦੀ ਪਾਲਣਾ ਕਰਨ ਨਾਲ ਕਸਰਤ ਹੋਰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਬਣਦੀ ਹੈ।

ਚੰਗੀ ਸਿਹਤ ਅਤੇ ਸਰੀਰਕ ਤੰਦਰੁਸਤੀ ਦਾ ਗਹਿਰਾ ਸੰਬੰਧ ਹੈ। ਇੱਕ ਤੰਦਰੁਸਤ ਵਿਅਕਤੀ ਆਮ ਤੌਰ ‘ਤੇ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ ਅਤੇ ਉਸਦੀ ਕੁੱਲ ਸਿਹਤ ਵਧੀਆ ਹੁੰਦੀ ਹੈ।

ਨਿਯਮਿਤ ਕਸਰਤ ਖੂਨ ਦਬਾਅ ਨੂੰ ਨਿਯੰਤਰਿਤ ਕਰਨ, ਮੋਟਾਪਾ ਘਟਾਉਣ, ਸ਼ੂਗਰ ਨੂੰ ਸੰਭਾਲਣ, ਦਿਲ ਨੂੰ ਮਜ਼ਬੂਤ ਕਰਨ, ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਣ, ਤਣਾਅ ਅਤੇ ਚਿੰਤਾ ਘਟਾਉਣ ਅਤੇ ਨੀਂਦ ਦੀ ਗੁਣਵੱਤਾ ਸੁਧਾਰਣ ਵਿੱਚ ਮਦਦ ਕਰਦੀ ਹੈ।

ਡਾਕਟਰ ਕਈ ਬਿਮਾਰੀਆਂ ਦੇ ਇਲਾਜ ਵਿੱਚ ਵੀ ਕਸਰਤ ਦੀ ਸਿਫ਼ਾਰਸ਼ ਕਰਦੇ ਹਨ। ਸਰੀਰਕ ਗਤੀਵਿਧੀ ਮਨੁੱਖ ਦੇ ਮਾਨਸਿਕ ਸਿਹਤ ਨੂੰ ਵੀ ਸੁਧਾਰਦੀ ਹੈ, ਉਦਾਸੀ ਨੂੰ ਘਟਾਉਂਦੀ ਹੈ ਅਤੇ ਆਤਮਵਿਸ਼ਵਾਸ ਵਧਾਉਂਦੀ ਹੈ।

ਦੁਨੀਆ ਭਰ ਵਿੱਚ ਹੋਈਆਂ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਜੋ ਲੋਕ ਸਰੀਰਕ ਤੌਰ ‘ਤੇ ਸਰਗਰਮ ਰਹਿੰਦੇ ਹਨ, ਉਹ ਆਮ ਤੌਰ ‘ਤੇ ਲੰਮਾ ਜੀਵਨ ਜੀਉਂਦੇ ਹਨ ਅਤੇ ਸਿਹਤਮੰਦ ਜੀਵਨ-ਮਿਆਰ ਦਾ ਆਨੰਦ ਮਾਣਦੇ ਹਨ।

ਵਿਦਿਆਰਥੀਆਂ ਲਈ ਕਸਰਤ ਖ਼ਾਸ ਤੌਰ ‘ਤੇ ਮਹੱਤਵਪੂਰਨ ਹੈ ਕਿਉਂਕਿ ਇਹ ਧਿਆਨ, ਯਾਦਸ਼ਕਤੀ ਅਤੇ ਸਿੱਖਣ ਦੀ ਸਮਰੱਥਾ ਨੂੰ ਸੁਧਾਰਦੀ ਹੈ। ਬਾਹਰੀ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਟੀਮ ਵਰਕ, ਅਨੁਸ਼ਾਸਨ, ਨੇਤ੍ਰਿਤਵ ਅਤੇ ਆਤਮਵਿਸ਼ਵਾਸ ਵੀ ਸਿਖਾਉਂਦੀਆਂ ਹਨ। ਸਕੂਲਾਂ ਅਤੇ ਪਰਿਵਾਰਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਖੇਡਾਂ ਅਤੇ ਰੋਜ਼ਾਨਾ ਕਸਰਤ ਲਈ ਪ੍ਰੇਰਿਤ ਕਰਨ ਤਾਂ ਜੋ ਛੋਟੀ ਉਮਰ ਤੋਂ ਹੀ ਚੰਗੀਆਂ ਆਦਤਾਂ ਬਣ ਸਕਣ।

ਕਸਰਤ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਸਭ ਤੋਂ ਮਹੱਤਵਪੂਰਨ ਆਦਤਾਂ ਵਿੱਚੋਂ ਇੱਕ ਹੈ। ਇਹ ਸਰੀਰ ਨੂੰ ਮਜ਼ਬੂਤ ਬਣਾਉਂਦੀ ਹੈ, ਮਾਨਸਿਕ ਸੁਖ-ਸ਼ਾਂਤੀ ਵਿੱਚ ਸੁਧਾਰ ਕਰਦੀ ਹੈ, ਊਰਜਾ ਵਧਾਉਂਦੀ ਹੈ ਅਤੇ ਕਈ ਬਿਮਾਰੀਆਂ ਤੋਂ ਸੁਰੱਖਿਆ ਦਿੰਦੀ ਹੈ। ਪਰ ਕਸਰਤ ਹਮੇਸ਼ਾਂ ਸਹੀ ਤਰੀਕੇ ਅਤੇ ਸਾਵਧਾਨੀਆਂ ਨਾਲ ਨਿਯਮਿਤ ਰੂਪ ਵਿੱਚ ਕਰਨੀ ਚਾਹੀਦੀ ਹੈ।

ਆਧੁਨਿਕ ਜੀਵਨ ਵਿੱਚ, ਜਿੱਥੇ ਤਣਾਅ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀਆਂ ਆਮ ਹੋ ਰਹੀਆਂ ਹਨ, ਉੱਥੇ ਨਿਯਮਿਤ ਸਰੀਰਕ ਗਤੀਵਿਧੀ ਹੀ ਸੰਤੁਲਿਤ ਅਤੇ ਸਿਹਤਮੰਦ ਭਵਿੱਖ ਦੀ ਕੁੰਜੀ ਹੈ। ਹਰ ਮਨੁੱਖ ਨੂੰ ਤੰਦਰੁਸਤ, ਚੁਸਤ ਅਤੇ ਸਿਹਤਮੰਦ ਰਹਿਣ ਲਈ ਕਸਰਤ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਸ਼ਬਦਾਂ ਦਾ ਦਰਵੇਸ਼ : ਡਾ. ਸੁਰਜੀਤ ਪਾਤਰ- ਡਾ ਅਮਰਜੀਤ ਟਾਂਡਾ

ਦੋ ਸਾਲ ਪਹਿਲਾਂ ਪੰਜਾਬੀ ਸਾਹਿਤ ਦੇ ਅਸਮਾਨ ਵਿੱਚੋਂ ਇੱਕ ਐਸਾ ਸਿਤਾਰਾ ਟੁੱਟਿਆ ਸੀ, ਜਿਸਦੀ ਰੌਸ਼ਨੀ ਅੱਜ ਵੀ ਪੰਜਾਬੀ ਰੂਹ ਦੇ ਆਕਾਸ਼ ਵਿੱਚ ਧੜਕਦੀ ਹੈ। ਡਾਕਟਰ ਸੁਰਜੀਤ ਪਾਤਰ ਸਿਰਫ਼ ਇੱਕ ਸ਼ਾਇਰ ਨਹੀਂ ਸਨ; ਉਹ ਸ਼ਬਦਾਂ ਦੇ ਉਹ ਦਰਵੇਸ਼ ਸੂਫ਼ੀ ਸੰਤ ਸਨ, ਜੋ ਅੱਖਰਾਂ ਨੂੰ ਅਰਦਾਸ ਬਣਾ ਦਿੰਦੇ ਸਨ।

ਪੰਜਾਬੀ ਰੂਹ ਦਾ ਚਾਨਣ, ਕਵਿਤਾ ਦੇ ਸਰੋਵਰ ਦਾ ਸ਼ਾਂਤ ਚੰਨ ਸੀ ਸੁਰਜੀਤ ਪਾਤਰ।

ਅਸੀਂ ਤਕਰੀਬਨ ਲੁਧਿਆਣੇ ਅੱਧੀ ਸਦੀ ਇਕੱਠੇ ਰਹੇ ਸਾਂ। ਹਰ ਰੋਜ਼ ਚਾਹ ਉਤੇ ਤੇ ਹਰ ਸ਼ਾਮ ਨੂੰ...ਵੇਲੇ ਵੀ ਤਕਰੀਬਨ ਮਿਲਦੇ ਹੀ ਰਹਿੰਦੇ ਸਾਂ।

ਉਹਨਾਂ ਦੀ ਕਵਿਤਾ ਕਦੇ ਧੁੱਪ ਵਾਂਗ ਮੱਥੇ ਨੂੰ ਚੁੰਮਦੀ ਸੀ, ਕਦੇ ਬਰਗਦ ਦੀ ਛਾਂ ਵਾਂਗ ਥੱਕੇ ਮਨ ਨੂੰ ਢਕ ਲੈਂਦੀ ਸੀ, ਤੇ ਕਦੇ ਦਰਿਆ ਦੀ ਲਹਿਰ ਬਣ ਕੇ ਅੰਦਰਲੇ ਸੁੱਕੇ ਕੰਢਿਆਂ ਨੂੰ ਛੂਹ ਜਾਂਦੀ ਸੀ।

ਪਾਤਰ ਸਾਹਿਬ ਦੀ ਸ਼ਖ਼ਸੀਅਤ ਇੱਕ ਅਜਿਹੇ ਦੀਵੇ ਵਰਗੀ ਸੀ ਜੋ ਆਪ ਜਗ ਸੜ ਕੇ ਹੋਰਾਂ ਨੂੰ ਰੌਸ਼ਨੀ ਦਿੰਦਾ ਰਿਹਾ।

ਉਹਨਾਂ ਦੀ ਆਵਾਜ਼ ਵਿੱਚ ਮਿੱਟੀ ਦੀ ਖੁਸ਼ਬੂ ਸੀ, ਬੋਲਾਂ ਵਿੱਚ ਚੰਨਣ ਦੀ ਨਰਮੀ, ਅਤੇ ਵਿਚਾਰਾਂ ਵਿੱਚ ਗੁਰੂਆਂ ਦੀ ਬਾਣੀ ਵਾਲੀ ਡੂੰਘਾਈ।

ਉਹ ਪੰਜਾਬੀ ਬੋਲੀ ਦੇ ਉਹ ਸੁਨਹਿਰੀ ਮੋਰ ਸਨ ਜੋ ਦਰਦ ਦੀਆਂ ਘਟਾਵਾਂ ਨੂੰ ਵੇਖ ਕੇ ਨੱਚਦੇ ਸਨ ਅਤੇ ਮਨੁੱਖਤਾ ਦੇ ਰੇਤਲੇ ਮੈਦਾਨ ਵਿੱਚ ਸ਼ਬਦਾਂ ਦੀ ਵਰਖਾ ਕਰਦੇ ਸਨ।



ਉਹਨਾਂ ਦੀ ਕਵਿਤਾ ਕੋਈ ਸਿਆਹੀ ਨਾਲ ਲਿਖੀ ਲਕੀਰ ਨਹੀਂ ਸੀ; ਉਹ ਤਾਂ ਸਮੇਂ ਦੇ ਮੱਥੇ ਉੱਤੇ ਰੱਖਿਆ ਗਿਆ ਠੰਡਾ ਹੱਥ ਸੀ।

ਜਦੋਂ ਦੁਨੀਆਂ ਸਵਾਰਥ ਦੇ ਕੱਚੇ ਘਰਾਂ ਵਿੱਚ ਕੈਦ ਹੋ ਰਹੀ ਸੀ, ਤਦ ਪਾਤਰ ਸਾਹਿਬ ਮਨੁੱਖਤਾ ਦੇ ਖੁੱਲ੍ਹੇ ਦਰਵਾਜ਼ਿਆਂ ਦੀ ਗੱਲ ਕਰਦੇ ਰਹੇ।

ਉਹਨਾਂ ਦੇ ਸ਼ਬਦ ਕਦੇ ਗ਼ਜ਼ਲ ਤੇ ਕਦੇ ਨਜ਼ਮ ਵਾਰਤਕ ਬਣ ਕੇ ਅੰਦਰ ਉਤਰਦੇ, ਕਦੇ ਮਾਂ ਦੀ ਲੋਰੀ ਵਾਂਗ ਮਨ ਨੂੰ ਝੁਲਾਉਂਦੇ, ਤੇ ਕਦੇ ਕਿਸਾਨ ਦੇ ਪਸੀਨੇ ਵਾਂਗ ਧਰਤੀ ਦੀ ਸੱਚਾਈ ਬਿਆਨ ਕਰਦੇ।

ਡਾਕਟਰ ਸੁਰਜੀਤ ਪਾਤਰ ਇੱਕ ਐਸੇ ਬਿਰਖ਼ ਸਨ ਜਿਸਦੀ ਛਾਂ ਹੇਠ ਪੰਜਾਬੀ ਸਾਹਿਤ ਨੇ ਸਾਹ ਲਿਆ। ਉਹਨਾਂ ਦੀ ਨਿਮ-ਰਤਾ ਸਮੁੰਦਰ ਵਰਗੀ ਡੂੰਘੀ ਸੀ—ਚੁੱਪ ਪਰ ਅਸੀਮ।

ਉਹਨਾਂ ਦੇ ਚਿਹਰੇ ਉੱਤੇ ਸਦਾ ਇੱਕ ਅਜਿਹੀ ਸ਼ਾਂਤੀ ਵਸਦੀ ਸੀ ਜਿਵੇਂ ਕਿਸੇ ਝੀਲ ਵਿੱਚ ਸੁਬਹ ਦੀ ਪਹਿਲੀ ਕਿਰਣ ਝਲਕਦੀ ਹੋਵੇ।

ਉਹ ਬੋਲਦੇ ਘੱਟ ਸਨ, ਪਰ ਉਹਨਾਂ ਦੀ ਚੁੱਪ ਵੀ ਕਵਿਤਾ ਲੱਗਦੀ ਸੀ।

ਅੱਜ ਜਦੋਂ ਉਹ ਸਰੀਰਕ ਤੌਰ ‘ਤੇ ਸਾਡੇ ਵਿਚ ਨਹੀਂ, ਤਦ ਵੀ ਉਹਨਾਂ ਦੀਆਂ ਕਵਿਤਾਵਾਂ ਹਵਾ ਵਿੱਚ ਉੱਡਦੀਆਂ ਚਿੜੀਆਂ ਵਾਂਗ ਲੋਕਾਂ ਦੇ ਦਿਲਾਂ ‘ਚ ਆਲ੍ਹਣੇ ਬਣਾ ਰਹੀਆਂ ਹਨ। ਕੁਝ ਲੋਕ ਅੰਤਿਮ ਸਾਹਾਂ ਬਾਦ ਵੀ ਖਤਮ ਨਹੀਂ ਹੁੰਦੇ; ਉਹ ਸਮੇਂ ਦੀ ਰੂਹ ਵਿੱਚ ਰਲ ਜਾਂਦੇ ਹਨ।

ਪਾਤਰ ਸਾਹਿਬ ਵੀ ਹੁਣ ਕਿਸੇ ਕਿਤਾਬ ਦੇ ਸਫ਼ੇ ਤੱਕ ਸੀਮਿਤ ਨਹੀਂ ਰਹੇ ਉਹ ਪੰਜਾਬ ਪੰਜਾਬੀ ਪੰਜਾਬੀਅਤ ਦੇ ਸਾਹਾਂ ਵਿੱਚ ਵਸਦੇ ਹਨ।

ਉਹਨਾਂ ਦਾ ਜਾਣਾ ਐਸਾ ਸੀ ਜਿਵੇਂ ਕਿਸੇ ਦਰਿਆ ਵਿੱਚੋਂ ਅਚਾਨਕ ਸੁਰ ਲਾਪਤਾ ਹੋ ਜਾਵੇ, ਜਿਵੇਂ ਬਾਗ ਵਿੱਚੋਂ ਕੋਇਲ ਦੀ ਕੂਕ ਚੁੱਪ ਹੋ ਜਾਵੇ, ਜਿਵੇਂ ਕਿਸੇ ਦਰਵੇਸ਼ ਦੀ ਦੁਆ ਅਸਮਾਨ ਵੱਲ ਉੱਡ ਕੇ ਖਾਮੋਸ਼ ਹੋ ਜਾਵੇ।

ਪਰ ਸੱਚ ਇਹ ਹੈ ਕਿ ਵੱਡੇ ਉਚੇ ਸ਼ਾਇਰ ਕਦੇ ਨਹੀਂ ਮਰਦੇ। ਉਹ ਲੋਕਾਂ ਦੀ ਯਾਦ, ਭਾਸ਼ਾ ਅਤੇ ਭਾਵਨਾਵਾਂ ਵਿੱਚ ਧੜਕਦੇ ਹੀ ਰਹਿੰਦੇ ਹਨ।

ਡਾਕਟਰ ਸੁਰਜੀਤ ਪਾਤਰ ਪੰਜਾਬੀ ਸਾਹਿਤ ਦੇ ਮੱਥੇ ਦਾ ਉਹ ਤਿਲਕ ਸਨ, ਜੋ ਸਮੇਂ ਦੀਆਂ ਹਨ੍ਹੇਰੀਆਂ ਵੀ ਮਿਟਾ ਨਹੀਂ ਸਕਦੀਆਂ। ਉਹ ਇੱਕ ਕਵੀ ਨਹੀਂ, ਇੱਕ ਕਵਿਤਾ ਯੁੱਗ ਸਨ ਅਤੇ ਕੁਝ ਯੁੱਗ ਕੈਲੰਡਰਾਂ ਨਾਲ ਨਹੀਂ ਮੁੱਕਦੇ।



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ






ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**